15-NOV-PAGE-1.qxd 11/14/2022 10:05 PM Page 1

ਮੰਗਲਵਾਰ, 15 ਨਵੰਬਰ, 2022
30 ਕੱਤਕ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 165

ਨਵਾਂ ਜ਼ਮਾਨਾ

DAILY NAWAN ZAMANA • TUESDAY, 15 NOVEMBER, 2022 ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਅੰਮ੍ਰਿਤਸਰ ਹੇਠਾਂ ਧਰਤੀ ਹਿੱਲੀ

ਅੰਮ੍ਰਿਤਸਰ : ਐਤਵਾਰ ਅਤੇ ਸੋਮਵਾਰ ਦੀ ਦਰਮਿਆਨੀ ਰਾਤ ਨੂੰ ਅੰਮ੍ਰਿਤਸਰ 'ਚ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਿਕਟਰ ਸਕੇਲ 'ਤੇ ਭੂਚਾਲ ਦੀ ਤੀਬਰਤਾ 4.1 ਸੀ। ਨੈਸ਼ਨਲ ਸੈਂਟਰ ਫਾਰ ਸਿਸਮੋਲੋਜੀ ਅਨੁਸਾਰ ਭੂਚਾਲ ਦਾ ਸਮਾਂ ਸਵੇਰੇ 3.42 ਵਜੇ ਅਤੇ ਇਸ ਦਾ ਕੇਂਦਰ 120 ਕਿਲੋਮੀਟਰ ਹੇਠਾਂ ਸੀ। ਇਸ ਤੋਂ ਪਹਿਲਾਂ ਸ਼ਨੀਵਾਰ ਸ਼ਾਮ ਦਿੱਲੀ-ਐੱਨ ਸੀ ਆਰ 'ਚ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ ਸਨ।

ਚਾਈਨਾ ਡੋਰ ਨੇ ਬੱਚੇ ਦੀ ਜਾਨ ਲਈ

ਰੂਪਨਗਰ : ਨੰਗਲ ਚੌਕ ਨੇੜਲੇ ਰੇਲਵੇ ਫਾਟਕ ਕੋਲ ਸਾਈਕਲ 'ਤੇ ਜਾ ਰਿਹਾ ਮਾਜਰੀ ਦਾ 12 ਸਾਲਾ ਗੁਲਸ਼ਨ ਪੁੱਤਰ ਰਣਜੀਤ ਸਿੰਘ ਚਾਈਨਾ ਡੋਰ ਦੀ ਲਪੇਟ 'ਚ ਆ ਕੇ ਗੰਭੀਰ ਜ਼ਖਮੀ ਹੋ ਗਿਆ ਤੇ ਬਾਅਦ 'ਚ ਸਿਵਲ ਹਸਪਤਾਲ 'ਚ ਉਸ ਦੀ ਮੌਤ ਹੋ ਗਈ। ਲੋਕਾਂ ਨੇ ਚਾਈਨਾ ਡੋਰ 'ਤੇ ਸਖਤੀ ਨਾਲ ਪਾਬੰਦੀ ਲਾਉਣ ਅਤੇ ਡੋਰ ਵੇਚਣ ਵਾਲੇ ਦੁਕਾਨਦਾਰਾਂ ਵਿਰੁੱਧ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

ਛੱਤ ਡਿਗਣ ਨਾਲ ਮੌਤ, ਪਤਨੀ ਤੇ ਬੇਟਾ ਗੰਭੀਰ ਜ਼ਖਮੀ

ਬਟਾਲਾ : ਮੁਹੱਲਾ ਉਮਰਪੁਰਾ 'ਚ ਸੋਮਵਾਰ ਤੜਕਸਾਰ ਛੱਤ ਡਿੱਗਣ ਕਾਰਨ ਕਮਰੇ 'ਚ ਸੌਂ ਰਹੇ ਪਰਵਾਰ ਦੇ ਮੁਖੀ ਡਿੰਪਲ ਭਾਟੀਆ (50) ਦੀ ਮੌਤ ਹੋ ਗਈ, ਜਦਕਿ ਉਸ ਦੀ ਪਤਨੀ ਸੁਨੀਤਾ ਅਤੇ ਮੁੰਡਾ ਜਤਿਨ ਗੰਭੀਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਅੰਮ੍ਰਿਤਸਰ ਰੈਫਰ ਕਰਨਾ ਪਿਆ।

ਇਮਰਾਨ ਦੀ ਪਾਰਟੀ ਸ਼ਰੀਫ ਖਿਲਾਫ ਸੁਪਰੀਮ ਕੋਰਟ ਪੁੱਜੀ

ਲਾਹੌਰ : ਪਾਕਿਸਤਾਨ ਤਹਿਰੀਕ-ਏ-ਇਨਸਾਫ ਪਾਰਟੀ ਨੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ, ਗ੍ਰਹਿ ਮੰਤਰੀ ਰਾਣਾ ਸਨਾਉੱਲਾ ਅਤੇ ਆਈ ਐੱਸ ਆਈ ਇੰਟੈਲੀਜੈਂਸ ਵਿੰਗ ਦੇ ਮੁਖੀ ਮੇਜਰ ਜਨਰਲ ਫੈਜ਼ਲ ਨਸੀਰ, ਜਿਨ੍ਹਾਂ 'ਤੇ ਇਮਰਾਨ ਖਾਨ ਨੇ ਹੱਤਿਆ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਸੀ, ਖਿਲਾਫ ਐੱਫ ਆਈ ਆਰ ਦਰਜ ਕਰਵਾਉਣ ਲਈ ਸੋਮਵਾਰ ਸੁਪਰੀਮ ਕੋਰਟ 'ਚ ਕਈ ਰਿੱਟ ਪਟੀਸ਼ਨਾਂ ਦਾਖਲ ਕੀਤੀਆਂ। ਇਮਰਾਨ ਖਾਨ 'ਤੇ 3 ਨਵੰਬਰ ਨੂੰ ਵਜ਼ੀਰਾਬਾਦ ਖੇਤਰ 'ਚ ਸਰਕਾਰ ਵਿਰੋਧੀ ਪ੍ਰਦਰਸ਼ਨ ਦੌਰਾਨ ਦੋ ਬੰਦੂਕਧਾਰੀਆਂ ਨੇ ਗੋਲੀਆਂ ਚਲਾਈਆਂ ਸਨ। 8 ਨਵੰਬਰ ਨੂੰ ਪੰਜਾਬ ਪੁਲਸ ਨੇ ਹਮਲਾਵਰ ਨਾਵੇਦ ਮੁਹੰਮਦ ਬਸ਼ੀਰ ਨੂੰ ਹਿਰਾਸਤ 'ਚ ਲੈ ਕੇ ਉਸ ਖਿਲਾਫ ਕੇਸ ਦਰਜ ਕੀਤਾ ਸੀ।

ਤਾਹਿਰ ਨੂੰ ਸੁਪਰੀਮ ਕੋਰਟ ਤੋਂ ਰਾਹਤ ਨਹੀਂ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸੋਮਵਾਰ ਆਮ ਆਦਮੀ ਪਾਰਟੀ ਦੇ ਸਾਬਕਾ ਕੌਂਸਲਰ ਤਾਹਿਰ ਹੁਸੈਨ ਖਿਲਾਫ 2020 'ਚ ਦਿੱਲੀ ਦੇ ਉੱਤਰ-ਪੂਰਬੀ ਇਲਾਕੇ 'ਚ ਹੋਏ ਦੰਗਿਆਂ ਦੇ ਮਾਮਲੇ 'ਚ ਦਰਜ ਐੱਫ ਆਈ ਆਰ ਦੀ ਕਾਰਵਾਈ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਅਜੈ ਰਸਤੋਗੀ ਅਤੇ ਸੀ ਟੀ ਰਵੀ ਕੁਮਾਰ ਦੀ ਬੈਂਚ ਨੇ ਕਿਹਾ ਕਿ ਉਹ ਦਿੱਲੀ ਹਾਈ ਕੋਰਟ ਦੇ 16 ਸਤੰਬਰ ਦੇ ਹੁਕਮ 'ਚ ਦਖਲ ਨਹੀਂ ਦੇਣਾ ਚਾਹੁੰਦੇ, ਕਿਉਂਕਿ ਇਹ ਅੰਤਰਮ ਹੁਕਮ ਹੈ। ਹੁਸੈਨ ਵੱਲੋਂ ਪੇਸ਼ ਸੀਨੀਅਰ ਵਕੀਲ ਮੇਨਕਾ ਗੁਰੂਸਵਾਮੀ ਨੇ ਕਿਹਾ ਸੀ ਕਿ ਇਹ ਰਵਾਇਤੀ ਕਾਨੂੰਨ ਹੈ ਕਿ ਇੱਕੋ ਘਟਨਾ ਲਈ ਦੋ ਐੱਫ ਆਈ ਆਰ ਦਰਜ ਨਹੀਂ ਕੀਤੀਆਂ ਜਾ ਸਕਦੀਆਂ।

ਜੰਗ ਦੀ ਤਿਆਰੀ ਲਈ ਤੇਜ਼ੀ ਨਾਲ ਪਾਰਦਰਸ਼ੀ ਫੈਸਲਾ ਜ਼ਰੂਰੀ : ਰਾਜਨਾਥ

ਨਵੀਂ ਦਿੱਲੀ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸੋਮਵਾਰ ਕਿਹਾ ਕਿ ਜੰਗ ਦੀ ਤਿਆਰੀ ਲਈ ਤੇਜ਼ੀ ਨਾਲ ਪਾਰਦਰਸ਼ੀ ਫੈਸਲਾ ਲੈਣਾ ਅਤੇ ਬਿਹਤਰ ਵਸੀਲੇ ਮੁਹੱਈਆ ਕਰਾਉਣਾ ਜ਼ਰੂਰੀ ਹੈ। ਰੱਖਿਆ ਲੇਖਾ ਵਿਭਾਗ ਵੱਲੋਂ ਕਰਵਾਈ ਗਈ 'ਕੰਟਰੋਲਰਜ਼ ਕਾਨਫਰੰਸ 2022' ਵਿਚ ਰੱਖਿਆ ਮੰਤਰੀ ਨੇ ਕਿਹਾ ਕਿ ਫੈਸਲੇ 'ਚ ਦੇਰੀ ਨਾਲ ਸਮਾਂ ਅਤੇ ਪੈਸੇ ਦੀ ਬਰਬਾਦੀ ਹੁੰਦੀ ਹੈ। ਉਨ੍ਹਾ ਕਿਹਾ ਕਿ ਵਿਸ਼ਵ 'ਚ ਸੀਮਤ ਵਸੀਲੇ ਹਨ। ਉਨ੍ਹਾ ਉਸ ਦੀ ਵਰਤੋਂ 'ਚ ਆਰਥਿਕ ਖੇਤਰ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ। ਉਨ੍ਹਾ ਕਿਹਾ ਕਿ ਵਸੀਲਿਆਂ ਦੀ ਵਰਤੋਂ ਸਹੀ ਸਥਾਨ 'ਤੇ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਬਰਬਾਦ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾ ਕਿਹਾ ਕਿ ਜੇ ਫੈਸਲਾ ਲੈਣ 'ਚ ਦੇਰੀ ਹੁੰਦੀ ਹੈ ਤਾਂ ਉਸ ਦਾ ਅਸਰ ਜੰਗ ਦੀਆਂ ਤਿਆਰੀਆਂ 'ਤੇ ਪੈਂਦਾ ਹੈ।

ਕੇਂਦਰ ਜਬਰੀ ਧਰਮ ਪਰਿਵਰਤਨ ਬਾਰੇ ਸਟੈਂਡ ਸਪੱਸ਼ਟ ਕਰੇ : ਸੁਪਰੀਮ ਕੋਰਟ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਜਬਰੀ ਧਰਮ ਪਰਿਵਰਤਨ ਨੂੰ ਬਹੁਤ ਗੰਭੀਰ ਮੁੱਦਾ ਕਰਾਰ ਦਿੰਦਿਆਂ ਸੋਮਵਾਰ ਕੇਂਦਰ ਨੂੰ ਕਿਹਾ ਕਿ ਉਹ ਇਸਨੂੰ ਰੋਕਣ ਲਈ ਕਦਮ ਚੁੱਕੇ ਅਤੇ ਇਸ ਦਿਸ਼ਾ ਵਿਚ ਗੰਭੀਰ ਯਤਨ ਕਰੇ। ਜੇ ਧੋਖੇ, ਲਾਲਚ ਤੇ ਧਮਕੀ ਨਾਲ ਜਬਰੀ ਧਰਮ ਪਰਿਵਰਤਨ ਨੂੰ ਰੋਕਿਆ ਨਾ ਗਿਆ ਤਾਂ ਇਕ ਬਹੁਤ ਹੀ ਮੁਸ਼ਕਲ ਸਥਿਤੀ ਪੈਦਾ ਹੋਵੇਗੀ। ਇਹ ਕੌਮੀ ਸੁਰੱਖਿਆ ਅਤੇ ਨਾਗਰਿਕਾਂ ਦੇ ਧਰਮ ਤੇ ਅੰਤਰਾਤਮਾ ਦੀ ਆਜ਼ਾਦੀ ਦੇ ਹੱਕ ਨੂੰ ਖਤਰਾ ਪੈਦਾ ਕਰੇਗਾ। ਜਸਟਿਸ ਐੱਮ ਆਰ ਸ਼ਾਹ ਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੂੰ ਕਿਹਾ ਕਿ ਉਹ ਲਾਲਚ ਨਾਲ ਧਰਮ ਪਰਿਵਰਤਨ ਕਰਾਉਣ ਨੂੰ ਰੋਕਣ ਬਾਰੇ ਕਦਮ ਸੁਝਾਉਣ। ਮਹਿਤਾ ਨੇ ਕਿਹਾ ਕਿ ਇਹ ਮੁੱਦਾ ਪਹਿਲਾਂ ਵੀ ਸੁਪਰੀਮ ਕੋਰਟ 'ਚ, ਇੱਥੋਂ ਤੱਕ ਕਿ ਸੰਵਿਧਾਨ ਸਭਾ ਵਿਚ ਵੀ ਵਿਚਾਰਿਆ ਜਾ ਚੁੱਕਿਆ ਹੈ। ਇਸ ਬਾਰੇ ਦੋ ਕਾਨੂੰਨ ਹਨ। ਇਕ ਓਡੀਸ਼ਾ ਸਰਕਾਰ ਦਾ ਤੇ ਦੂਜਾ ਮੱਧ ਪ੍ਰਦੇਸ਼ ਸਰਕਾਰ ਦਾ। ਇਹ ਧੋਖੇ, ਫਰਾਡ ਜਾਂ ਧਨ ਨਾਲ ਧਰਮ ਪਰਿਵਰਤਨ ਨਾਲ ਨਜਿੱਠਦੇ ਹਨ। ਸੁਪਰੀਮ ਕੋਰਟ ਨੇ ਇਨ੍ਹਾਂ ਨੂੰ ਜਾਇਜ਼ ਵੀ ਠਹਿਰਾਇਆ ਸੀ। ਉਨ੍ਹਾ ਕਿਹਾ ਕਿ ਕਬਾਇਲੀ ਇਲਾਕਿਆਂ ਵਿਚ ਜਬਰੀ ਧਰਮ ਪਰਿਵਰਤਨ ਬਹੁਤ ਹੁੰਦਾ ਹੈ। ਕਈ ਵਾਰ ਲੋਕਾਂ ਨੂੰ ਪਤਾ ਨਹੀਂ ਹੁੰਦਾ ਕਿ ਉਹ ਫੌਜਦਾਰੀ ਜੁਰਮ ਦਾ ਹਿੱਸਾ ਬਣ ਰਹੇ ਹਨ, ਉਹ ਕਹਿੰਦੇ ਹਨ ਕਿ ਉਨ੍ਹਾਂ ਦੀ ਮਦਦ ਕੀਤੀ ਜਾ ਰਹੀ ਹੈ। ਬੈਂਚ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਇਸ ਨਾਲ ਕਿਵੇਂ ਨਜਿੱਠਣਾ ਚਾਹੁੰਦੀ ਹੈ। ਬੈਂਚ ਨੇ ਸੁਣਵਾਈ 28 ਨਵੰਬਰ ਤੱਕ ਟਾਲਦਿਆਂ ਕੇਂਦਰ ਸਰਕਾਰ ਨੂੰ ਮੁੱਦੇ 'ਤੇ 22 ਨਵੰਬਰ ਤੱਕ ਹਲਫਨਾਮਾ ਦਾਖਲ ਕਰਨ ਦੀ ਹਦਾਇਤ ਕੀਤੀ। ਬੈਂਚ ਐਡਵੋਕੇਟ ਅਸ਼ਵਨੀ ਉਪਾਧਿਆਏ ਦੀ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ, ਜਿਸ ਵਿਚ ਉਨ੍ਹਾ ਜਬਰੀ ਧਰਮ ਪਰਿਵਰਤਨ ਨੂੰ ਕੰਟਰੋਲ ਕਰਨ ਲਈ ਕੇਂਦਰ ਤੇ ਰਾਜਾਂ ਨੂੰ ਹਦਾਇਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਹੈ ਕਿ ਦੇਸ਼ ਦਾ ਕੋਈ ਜ਼ਿਲ੍ਹਾ ਨਹੀਂ, ਜਿੱਥੇ ਜਬਰੀ ਧਰਮ ਪਰਿਵਰਤਨ ਨਾ ਹੁੰਦਾ ਹੋਵੇ।

ਮਨਾਲੀ 'ਚ ਮੌਸਮ ਦੀ ਪਹਿਲੀ ਬਰਫ਼ਬਾਰੀ

ਸ਼ਿਮਲਾ : ਮਨਾਲੀ, ਨਾਰਕੰਡਾ ਅਤੇ ਹਾਟੂ ਪੀਕ 'ਚ ਸੋਮਵਾਰ ਮੌਸਮ ਦੀ ਪਹਿਲੀ ਬਰਫਬਾਰੀ ਹੋਈ। ਸੂਬੇ ਦੇ ਉਤਲੇ ਖੇਤਰਾਂ ਵਿਚ ਐਤਵਾਰ ਰਾਤ ਤੋਂ ਬਰਫਬਾਰੀ ਜਾਰੀ ਹੈ। ਕਿੰਨੌਰ ਦੇ ਕਲਪਾ ਅਤੇ ਲਾਹੌਲ ਦੇ ਕੇਲਾਂਗ ਵਿਚ ਵੀ ਪਹਾੜੀਆਂ ਚਿੱਟੀ ਚਾਦਰ ਹੇਠ ਢਕ ਗਈਆਂ ਹਨ। ਲਾਹੌਲ ਸਪਿਤੀ 'ਚ ਹੋ ਰਹੀ ਭਾਰੀ ਬਰਫਬਾਰੀ ਕਾਰਨ ਰੋਹਤਾਂਗ 'ਚ ਆਵਾਜਾਈ ਠੱਪ ਹੋ ਗਈ ਹੈ।

ਅਟਲ ਟਨਲ ਰੋਹਤਾਂਗ ਦੇ ਦੋਵੇਂ ਪਾਸੇ ਭਾਰੀ ਬਰਫਬਾਰੀ ਹੋ ਰਹੀ ਹੈ। ਮਨਾਲੀ-ਕੇਲਾਂਗ ਮਾਰਗ ਵੀ ਆਵਾਜਾਈ ਲਈ ਬੰਦ ਹੋ ਗਿਆ ਹੈ।

ਇੱਕ ਲੱਖ ਦੀ ਰਿਸ਼ਵਤ ਲੈਂਦਿਆਂ ਦੋ ਪੁਲਸ ਅਧਿਕਾਰੀਆਂ ਸਣੇ 3 ਗ੍ਰਿਫ਼ਤਾਰ

ਜਲੰਧਰ (ਰਾਜੇਸ਼ ਥਾਪਾ)

ਪੰਜਾਬ ਵਿਜੀਲੈਂਸ ਬਿਊਰੋ ਨੇ ਐੱਸ ਐੱਚ ਓ ਵਜੋਂ ਤਾਇਨਾਤ ਰਹੇ ਸਬ-ਇੰਸਪੈਕਟਰ ਬਿਸਮਨ ਸਿੰਘ, ਸੀ ਆਈ ਏ ਜਲੰਧਰ ਵਿਖੇ ਤਾਇਨਾਤ ਏ ਐੱਸ ਆਈ ਰੇਸ਼ਮ ਸਿੰਘ ਅਤੇ ਇੱਕ ਪ੍ਰਾਈਵੇਟ ਵਿਅਕਤੀ ਸੁਰਜੀਤ ਸਿੰਘ ਨੂੰ 1,00,000 ਰੁਪਏ ਦੀ ਰਿਸ਼ਵਤ ਲੈਂਦਿਆਂ ਗ੍ਰਿਫਤਾਰ ਕੀਤਾ ਹੈ। ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਸਾਰੇ ਮੁਲਜ਼ਮਾਂ ਨੂੰ ਹਰਜਿੰਦਰ ਕੁਮਾਰ ਵਾਸੀ ਪਿੰਡ ਰਾਮਪੁਰ ਠੋਡਾ, ਜ਼ਿਲ੍ਹਾ ਰੂਪਨਗਰ ਦੀ ਸ਼ਿਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਬਿਸਮਨ ਸਿੰਘ ਨੇ ਐੱਸ ਐੱਚ ਓ ਹੁੰਦਿਆਂ ਉਸ ਦੇ ਭਰਾ ਨੂੰ ਹੁਸ਼ਿਆਰਪੁਰ ਤੋਂ ਉਸ ਦੇ ਟਰੱਕ ਸਮੇਤ ਗੱਡੀ ਵਿੱਚ ਭੁੱਕੀ ਦੀ ਬਰਾਮਦਗੀ ਦਿਖਾ ਕੇ ਝੂਠੇ ਕੇਸ ਵਿੱਚ ਗ੍ਰਿਫਤਾਰ ਕੀਤਾ ਸੀ। ਬਿਸਮਨ ਸਿੰਘ ਨੇ ਉਸ ਵੇਲੇ ਏ ਐੱਸ ਆਈ ਰੇਸ਼ਮ ਸਿੰਘ ਅਤੇ ਇਕ ਪ੍ਰਾਈਵੇਟ ਵਿਅਕਤੀ ਸੁਰਜੀਤ ਸਿੰਘ ਰਾਹੀਂ ਉਸ ਦੇ ਭਰਾ ਅਤੇ ਸ੍ਰੀਨਗਰ ਤੋਂ ਲੱਦਿਆ ਹੋਇਆ ਉਸ ਦਾ ਟਰੱਕ ਛੁਡਾਉਣ ਲਈ 11,00,000 ਰੁਪਏ ਪਹਿਲਾਂ ਹੀ ਕਿਸ਼ਤਾਂ ਵਿੱਚ ਹਾਸਲ ਕਰ ਲਏ ਹਨ। ਉਸ ਨੇ ਦੋਸ਼ ਲਾਇਆ ਕਿ ਮੁਲਜ਼ਮ ਸਬ-ਇੰਸਪੈਕਟਰ ਬੇਸ਼ੱਕ ਪੁਲਸ ਲਾਈਨ ਜਲੰਧਰ ਵਿਖੇ ਬਦਲ ਚੁੱਕਾ ਹੈ, ਪਰ ਉਹ ਆਪਣੇ ਉਪਰੋਕਤ ਦੋ ਵਿਚੋਲਿਆਂ ਰਾਹੀਂ ਇਸ ਪੁਲਸ ਕੇਸ ਵਿਚ ਉਸ ਦੀ ਮਦਦ ਕਰਨ ਲਈ ਉਸ ਤੋਂ ਹੋਰ ਪੈਸਿਆਂ ਦੀ ਮੰਗ ਕਰ ਰਿਹਾ ਹੈ।

ਵਿਜੀਲੈਂਸ ਬਿਊਰੋ ਦੀ ਟੀਮ ਨੇ ਉਪਰੋਕਤ ਸਬ-ਇੰਸਪੈਕਟਰ ਬਿਸਮਾਨ ਸਿੰਘ, ਏ ਐੱਸ ਆਈ ਰੇਸ਼ਮ ਸਿੰਘ ਅਤੇ ਸੁਰਜੀਤ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 1,00,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹਨਾਂ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 7-ਏ ਅਤੇ ਆਈ ਪੀ ਸੀ ਦੀ 120-ਬੀ ਤਹਿਤ ਵਿਜੀਲੈਂਸ ਬਿਓਰੋ ਦੇ ਥਾਣਾ, ਉਡਣ ਦਸਤਾ-1, ਐੱਸ ਏ ਐੱਸ ਨਗਰ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

ਰੂਸੀ ਵਿਦੇਸ਼ ਮੰਤਰੀ ਦੇ ਬਿਮਾਰ ਹੋਣ ਬਾਰੇ ਖਬਰ ਸਿਰੇ ਦੀ ਝੂਠੀ ਕਰਾਰ

ਨੁਸਾ ਦੂਆ (ਇੰਡੋਨੇਸ਼ੀਆ) : ਰੂਸੀ ਵਿਦੇਸ਼ ਮੰਤਰੀ ਸਰਗੇਈ ਲਾਵਰੋਵ, ਜੋ ਬਾਲੀ 'ਚ ਜੀ-20 ਸਿਖਰ ਸੰਮੇਲਨ 'ਚ ਹਿੱਸਾ ਲੈਣ ਲਈ ਪੁੱਜੇ ਸਨ, ਨੂੰ ਅਚਾਨਕ ਤਬੀਅਤ ਵਿਗੜਨ ਕਾਰਨ ਹਸਪਤਾਲ 'ਚ ਦਾਖਲ ਕਰਾਉਣਾ ਪਿਆ। ਇੰਡੋਨੇਸ਼ੀਆਈ ਅਧਿਕਾਰੀਆਂ ਨੇ ਦੱਸਿਆ ਕਿ ਉਹ ਬਿਮਾਰ ਹਨ। ਉਧਰ, ਲਾਵਰੋਵ ਨੇ ਦਾਅਵਾ ਕੀਤਾ ਕਿ ਉਹ ਜੀ-20 ਸੰਮੇਲਨ ਦੀ ਤਿਆਰੀ ਕਰ ਰਹੇ ਹਨ ਅਤੇ ਆਪਣੇ ਹੋਟਲ 'ਚ ਹਨ। ਰੂਸ ਦੀ ਸਰਕਾਰੀ ਨਿਊਜ਼ ਏਜੰਸੀ ਤਾਸ ਨੇ ਐਸੋਸੀਏਟਿਡ ਪ੍ਰੈੱਸ (ਏ ਪੀ) ਦੀ ਰਿਪੋਰਟ ਦਾ ਖੰਡਨ ਕਰਦਿਆਂ ਉਸ ਨੂੰ 'ਸਿਰੇ ਦੀ ਝੂਠੀ' ਕਰਾਰ ਦਿੱਤਾ।

ਕੈਨੇਡੀਅਨ ਬਲਾਂ 'ਚ ਪਰਮਾਨੈਂਟ ਰੈਜ਼ੀਡੈਂਟ ਭਰਤੀ ਹੋ ਸਕਣਗੇ

ਟੋਰਾਂਟੋ : ਕੈਨੇਡਾ 'ਚ ਕੇਂਦਰੀ ਹਥਿਆਰਬੰਦ ਬਲਾਂ (ਸੀ ਏ ਐੱਫ) ਨੇ ਐਲਾਨ ਕੀਤਾ ਹੈ ਕਿ ਸਥਾਈ ਨਿਵਾਸੀਆਂ ਨੂੰ ਹੁਣ ਸੇਵਾਵਾਂ 'ਚ ਭਰਤੀ ਦੀ ਇਜਾਜ਼ਤ ਦਿੱਤੀ ਜਾਵੇਗੀ, ਕਿਉਂਕਿ ਫੌਜ ਜਵਾਨਾਂ ਦੀ ਘਾਟ ਦਾ ਸਾਹਮਣਾ ਕਰ ਰਹੀ ਹੈ।

ਕੈਨੇਡਾ 'ਚ ਸਥਾਈ ਨਿਵਾਸੀਆਂ 'ਚ ਵੱਡੀ ਗਿਣਤੀ ਭਾਰਤੀ ਹਨ ਅਤੇ ਸੀ ਏ ਐੱਫ ਦੇ ਫੈਸਲੇ ਨਾਲ ਉਨ੍ਹਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ। ਇਕ ਖਬਰ ਅਨੁਸਾਰ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਦੀ ਪੁਰਾਣੀ ਭਰਤੀ ਪ੍ਰਕਿਰਿਆ 'ਚ ਬਦਲਾਅ ਦੇ ਐਲਾਨ ਦੇ ਪੰਜ ਵਰ੍ਹਿਆਂ ਬਾਅਦ ਇਹ ਐਲਾਨ ਕੀਤਾ ਗਿਆ ਹੈ। ਇਸ ਨਾਲ ਕੈਨੇਡਾ 'ਚ 10 ਵਰ੍ਹਿਆਂ ਤੋਂ ਰਹਿ ਰਹੇ ਸਥਾਈ ਨਿਵਾਸੀਆਂ ਨੂੰ ਅਪਲਾਈ ਕਰਨ ਦੀ ਇਜਾਜ਼ਤ ਮਿਲੇਗੀ।

'ਭਾਰਤ ਜੋੜੋ ਯਾਤਰਾ' 'ਚ ਨਹਿਰੂ ਦੀ ਪੁਸਤਕ ਵੰਡੀ

ਮੁੰਬਈ : ਰਾਹੁਲ ਗਾਂਧੀ ਦੀ ਅਗਵਾਈ 'ਚ ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਇਕ ਦਿਨ ਆਰਾਮ ਤੋਂ ਬਾਅਦ 68ਵੇਂ ਦਿਨ ਮਹਾਰਾਸ਼ਟਰ ਦੇ ਹਿੰਗੋਲੀ ਜ਼ਿਲ੍ਹੇ ਦੇ ਕਲਮਨੂਰੀ ਤੋਂ ਸੋਮਵਾਰ ਨੂੰ ਅੱਗੇ ਵਧੀ। ਸੀਨੀਅਰ ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਜੈਯੰਤੀ ਦੇ ਮੌਕੇ 'ਤੇ ਯਾਤਰਾ 'ਚ ਸ਼ਾਮਲ ਹੋਣ ਵਾਲਿਆਂ ਨੂੰ ਉਨ੍ਹਾ ਦੀ ਕਿਤਾਬ 'ਭਾਰਤ ਦੀ ਖੋਜ' ਦੀਆਂ 600 ਕਾਪੀਆਂ ਵੰਡੀਆਂ ਜਾਣਗੀਆਂ।

...ਆ ਜਾ ਦੋਵੇਂ ਬਹਿ ਕੇ ਪੜ੍ਹੀਏ ਇੱਕ-ਦੂਜੇ ਦੇ ਅੰਦਰ ਨੂੰ

ਲਾਹੌਰ ਵਿਖੇ ਤਿੰਨ ਰੋਜ਼ਾ ਪੰਜਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

ਲਾਹੌਰ (ਜਸਬੀਰ ਸਿੰਘ ਪੱਟੀ)

ਲਾਹੌਰ ਕਾਲਜ ਫਾਰ ਵੂਮੈਨ ਯੂਨੀਵਰਸਿਟੀ

15-NOV-PAGE-1.qxd 11/14/2022 10:06 PM Page 2

ਵੱਖ-ਵੱਖ ਸਕੂਲਾਂ 'ਚ ਮਨਾਇਆ ਗਿਆ ਬਾਲ ਦਿਵਸ

ਬਾਘਾ ਪੁਰਾਣਾ (ਮਨੀ ਸਿੰਗਲਾ)

ਜੈਨ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਾਲ ਦਿਵਸ ਬੜੀ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਮੈਨੇਜਮੈਂਟ ਦੇ ਪ੍ਰਧਾਨ ਵਿਜੇ ਕੁਮਾਰ ਬਾਂਸਲ, ਚੇਅਰਮੈਨ ਅਸ਼ੋਕ ਕੁਮਾਰ ਬਾਂਸਲ, ਪ੍ਰਵੀਨ ਕੁਮਾਰ ਗੋਇਲ, ਰਘੁਭੂਸ਼ਨ ਗੋਇਲ, ਹੇਮ ਰਾਜ ਬਾਂਸਲ, ਸੰਜੂ ਮਿੱਤਲ, ਨਵੀਨ ਗੋਇਲ ਨੇ ਸ਼ਿਰਕਤ ਕੀਤੀ। ਸਕੂਲ ਮੈਨੇਜਮੈਂਟ ਦੀ ਸ਼ਮੂਲੀਅਤ ਵਿੱਚ ਸਭ ਤੋਂ ਪਹਿਲਾਂ ਉਨ੍ਹਾਂ ਸ਼ਮ੍ਹਾਂ

ਪ੍ਰਜਵਲਿਤ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਸਕੂਲ ਮੁਖੀ ਤੇ ਸਮੂਹ ਸਟਾਫ ਵੱਲੋਂ ਜਨ ਗਣ ਮਨ ਦੇ ਗਾਇਨ ਨਾਲ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਬਾਲ ਦਿਵਸ ਪ੍ਰੋਗਰਾਮ ਵਿੱਚ ਨਰਸਰੀ ਤੋਂ ਪਹਿਲੀ ਕਲਾਸ ਤੱਕ ਦੇ ਨੰਨ੍ਹੇ ਮੁੰਨੇ ਬੱਚਿਆਂ ਨੇ ਬਹੁਤ ਹੀ ਵਧੀਆ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ ਤੇ ਬੱਚਿਆਂ ਦੇ ਮਾਪੇ ਵੀ ਬੜੀ ਉਤਸ਼ਾਹ ਨਾਲ ਪਹੁੰਚੇ ਅਤੇ ਉਨ੍ਹਾ ਬੱਚਿਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੁਰਜੀਤ ਕੌਰ ਬਰਾੜ ਵੱਲੋਂ ਬਾਲ ਦਿਵਸ ਦੀਆਂ ਬੱਚਿਆਂ ਨੂੰ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਬੱਚਿਆਂ ਦਾ ਮਨੋਬਲ ਵਧਾਉਣ ਲਈ ਪ੍ਰਤਿਭਾ ਹੋਣੀ ਜ਼ਰੂਰੀ ਹੈ ਤਾਂ ਜੋ ਬੱਚਿਆ ਦਾ ਸਰਵਪੱਖੀ ਵਿਕਾਸ ਹੋ ਸਕੇ। ਇਹ ਸਾਰਾ ਪ੍ਰੋਗਰਾਮ ਸੁਪਰਵਾਈਜ਼ਰ ਸ੍ਰ. ਪਵਨਦੀਪ ਸਿੰਘ ਦੀ ਅਗਵਾਈ ਹੇਠ ਸਫਲਤਾਪੂਰਵਕ ਨੇਪਰੇ ਚੜ੍ਹਿਆ। ਅੰਤ ਵਿੱਚ ਸੰਸਥਾ ਦੇ ਪ੍ਰਧਾਨ ਵਿਜੇ ਕੁਮਾਰ ਬਾਂਸਲ ਨੇ ਸਮੂਹ ਕਮੇਟੀ ਮੈਂਬਰਾਂ ਤੇ ਸਕੂਲ ਮੁਖੀ, ਮਾਪਿਆਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਬਾਘਾ ਪੁਰਾਣਾ (ਮਨੀ ਸਿੰਗਲਾ) : ਇਲਾਕੇ ਦੀ ਨਾਮਵਰ ਸੰਸਥਾ ਸਪਰਿੰਗ ਫੀਲਡ ਕਾਨਵੈਂਟ ਸਕੂਲ ਮੁੱਦਕੀ ਰੋਡ ਵਿਖੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਸਮਰਪਤ ਬਾਲ ਦਿਵਸ ਮਨਾਇਆ ਗਿਆ, ਜਿਸ ਸਮੇਂ ਬੱਚਿਆਂ ਨੇ ਦੇਸ਼ ਭਗਤੀ ਦੇ ਗੀਤ ਗਾ ਕੇ ਚੰਗਾ ਰੰਗ ਬੰਨ੍ਹਿਆ ਅਤੇ ਨੰਨ੍ਹੇ-ਮੁੰਨੇ ਬੱਚੇ ਚਾਚਾ ਨਹਿਰੂ ਬਣ ਕੇ ਸੁੰਦਰ ਪੁਸ਼ਾਕਾਂ ਪਹਿਣ ਕੇ ਆਏ ਅਤੇ ਉਨ੍ਹਾਂ ਦੀ ਯਾਦ ਵਿੱਚ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ। ਚੇਅਰਮੈਨ ਸ੍ਰ. ਨਰ ਸਿੰਘ ਬਰਾੜ ਨੇ ਦੱਸਿਆ ਕਿ ਨਹਿਰੂ ਜੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ ਅਤੇ ਉਨ੍ਹਾਂ ਦੀ ਸੋਚ ਸੀ ਕਿ ਬੱਚਿਆਂ ਵਿੱਚ ਦੇਸ਼ ਭਗਤੀ, ਦੇਸ਼ ਪਿਆਰ ਤੇ ਉਨਤੀ ਦੀ ਭਾਵਨਾ ਬੱਚਿਆਂ ਦੇ ਦਿਲਾਂ ਵਿੱਚ ਪੈਦਾ ਕਰਕੇ ਹੀ ਸਾਡਾ ਦੇਸ਼ ਤਰੱਕੀ ਦੇ ਰਾਹ 'ਤੇ ਚੱਲ ਸਕਦਾ ਹੈ ਅਤੇ ਵਿੱਦਿਆ ਨਾਲ ਹੀ ਦੇਸ਼ ਦੀ ਤਰੱਕੀ ਹੋ ਸਕੇਦੀ ਹੈ, ਕਿਉਂਕਿ ਬੱਚੇ ਹੀ ਦੇਸ਼ ਦੇ ਭਵਿੱਖ ਦੀ ਨੀਂਹ ਹੁੰਦੇ ਹਨ। ਨਹਿਰੂ ਜੀ ਨੇ ਹਮੇਸ਼ਾ ਬੱਚਿਆਂ ਦੀ ਪੜ੍ਹਾਈ 'ਤੇ ਜ਼ੋਰ ਦਿੱਤਾ। ਇਸ ਮੌਕੇ ਚੇਅਰਮੈਨ ਨਰ ਸਿੰਘ ਬਰਾੜ ਤੇ ਪ੍ਰਿੰਸੀਪਲ ਬਾਇਜੂ ਵਿਜੇ ਨੇ ਸਭ ਬੱਚਿਆਂ ਨੂੰ ਸ਼ੁੱਭ ਦਿਨ 'ਤੇ ਮੁਬਾਰਕਵਾਦ ਦਿੱਤੀ ਤੇ ਬੱਚਿਆਂ ਨੂੰ ਪ੍ਰੋਗਰਾਮ ਲਈ ਮਿਹਨਤ ਕਰਾਉਣ ਲਈ ਕੋਆਰਡੀਨੇਟਰ ਮੈਡਮ ਮਮਤਾ, ਮੈਡਮ ਸੰਤੋਸ਼ ਬਾਲਾ, ਮੈਡਮ ਅੰਜੂ ਬਾਲਾ, ਮੈਡਮ ਸਵਿਤਾ ਤੇ ਮੈਡਮ ਜਸਕਰਨ ਦਾ ਧੰਨਵਾਦ ਕੀਤਾ।

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ) : ਮਾਤਾ ਸਾਹਿਬ ਕੌਰ ਸੀਨੀ. ਸੈਕੇ. ਪਬਲਿਕ ਸਕੂਲ ਵਿੱਚ ਬਾਲ ਦਿਵਸ ਮਨਾਇਆ ਗਿਆ। ਇਸ ਦੌਰਾਨ ਸਕੂਲ ਪੱਧਰੀ ਵੱਖ-ਵੱਖ ਮੁਕਾਬਲੇ ਕਰਾਏ ਗਏ, ਜਿਵੇਂ ਪੋਸਟਰ ਮੇਕਿੰਗ ਮੁਕਾਬਲੇ ਕਰਾਏ ਗਏ, ਜਿਸ ਵਿੱਚ ਪਹਿਲੀ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਲਗਭਗ 250 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਪਹਿਲੀ ਤੋਂ ਤੀਜੀ ਜਮਾਤ ਪੋਸਟਰ ਮੇਕਿੰਗ ਮੁਕਾਬਲੇ ਦੇ ਜੇਤੂ ਇਸ ਪ੍ਰਕਾਰ ਹਨ, ਪਹਿਲਾ ਸਥਾਨ ਸੁਪ੍ਰੀਤ ਕੌਰ (ਤੀਜੀ ਕਲਾਸ), ਦੂਜਾ ਸਥਾਨ ਗੁਰਸਹਿਜ (ਤੀਜੀ ਸਥਾਨ) ਤੇ

ਤੀਜਾ ਸਥਾਨ ਰਣਵੀਰ (ਤੀਜੀ ਕਲਾਸ), ਚੌਥੀ ਤੋਂ ਛੇਵੀ ਜਮਾਤ ਤੱਕ ਪਹਿਲਾ ਸਥਾਨ ਸੀਰਤ (ਪੰਜਵੀ ਜਮਾਤ), ਦੂਜਾ ਸਥਾਨ ਅਭਿਜੋਤ (ਛੇਵੀ ਜਮਾਤ) ਤੀਜਾ ਸਥਾਨ ਸੇਜਲਪ੍ਰੀਤ (ਛੇਵੀ ਜਮਾਤ), ਸੱਤਵੀ ਤੋਂ ਨੌਵੀਂ ਜਮਾਤ ਤੱਕ ਪਹਿਲਾ ਸਥਾਨ, ਅੰਤਿਕਸ (ਨੌਵੀਂ ਕਲਾਸ), ਦੂਜਾ ਸਥਾਨ ਮੁਸਕਾਨ (ਨੌਵੀਂ ਜਮਾਤ), ਤੀਜਾ ਸਥਾਨ ਤਰਨਪ੍ਰੀਤ (ਨੌਵੀਂ ਜਮਾਤ) ਅਤੇ ਦਸਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਪਹਿਲਾ ਸਥਾਨ ਨਵਜੋਤ (ਦਸਵੀਂ ਜਮਾਤ), ਦੂਜਾ ਸਥਾਨ ਜਸਨਦੀਪ (ਗਿਆਰ੍ਹਵੀਂ ਜਮਾਤ), ਤੀਜਾ ਸਥਾਨ ਕਰਮਨਪ੍ਰੀਤ (ਬਾਰ੍ਹਵੀਂ ਜਮਾਤ) ਨੇ ਹਾਸਲ ਕੀਤਾ। ਇਸ ਤੋਂ ਬਾਅਦ ਸਮਾਜਿਕ ਗਿਆਨ ਮੁਕਾਬਲੇ ਕਰਾਏ ਗਏ, ਜਿਸ ਵਿੱਚ ਲਗਭਗ 700 ਵਿਦਿਆਰਥੀਆਂ ਨੇ ਭਾਗ ਲਿਆ, ਜਿਸ ਵਿੱਚ ਪਹਿਲੀ ਤੋਂ ਤੀਜੀ ਜਮਾਤ ਮੁਕਾਬਲੇ ਦੇ ਜੇਤੂ ਇਸ ਪ੍ਰਕਾਰ ਹਨ ਪਹਿਲਾ ਸਥਾਨ ਸਰਗੁਨਪ੍ਰੀਤ (ਪਹਿਲੀ ਜਮਾਤ), ਦੂਜਾ ਸਥਾਨ ਰਨਬੀਰ (ਦੂਜੀ ਜਮਾਤ), ਤੀਜਾ ਸਥਾਨ ਆਰਵ ਮੋਗਾ, ਅਰਮਾਨਦੀਪ, ਨਵਰਾਜ (ਤੀਜੀ ਜਮਾਤ), ਅਮ੍ਰਿਤ (ਦੂਜੀ ਜਮਾਤ), ਚੌਥੀ ਤੋਂ ਛੇਵੀਂ ਜਮਾਤ ਤੱਕ ਪਹਿਲਾ ਸਥਾਨ ਸ੍ਰਿਸ਼ਟੀ (ਛੇਵੀ ਜਮਾਤ), ਦੂਜਾ ਸਥਾਨ ਅਨੁਭਵ, ਸ਼ਗੁਨਪ੍ਰੀਤ (ਛੇਵੀ ਜਮਾਤ), ਤੀਜਾ ਸਥਾਨ ਏਜਲ (ਚੌਥੀ ਜਮਾਤ), ਸੱਤਵੀਂ ਤੋਂ ਨੌਵੀਂ ਜਮਾਤ ਤੱਕ ਪਹਿਲਾ ਸਥਾਨ ਜਸਪ੍ਰੀਤ (ਸੱਤਵੀਂ ਜਮਾਤ), ਹਰਨੂਰ (ਅੱਠਵੀਂ ਜਮਾਤ), ਦੂਜਾ ਸਥਾਨ ਦੀਪਨੂਰ, ਨਵਪ੍ਰੀਤ (ਸੱਤਵੀਂ ਜਮਾਤ), ਤੀਜਾ ਸਥਾਨ ਜੀਆ ਸਚਦੇਵਾ, ਅਰਸ਼ਦੀਪ ਕੌਰ, ਹਰਜਾਪ ਕੌਰ (ਸੱਤਵੀਂ ਜਮਾਤ) ਨੇ ਹਾਸਲ ਕੀਤਾ ਅਤੇ ਦਸਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਪਹਿਲਾ ਸਥਾਨ ਕੁਸ਼ਲਦੀਪ, ਅਵਤਾਰ, ਯਾਦਨੂਰ (ਬਾਰ੍ਹਵੀ ਜਮਾਤ), ਸਨਮਦੀਪ (ਦਸਵੀਂ ਜਮਾਤ), ਦੂਜਾ ਸਥਾਨ ਕੋਮਲ ਕੰਬੋਜ, ਸੌਰਵ, ਜਸ਼ਨ ਸੋਹਲ, (ਗਿਆਰ੍ਹਵੀਂ ਜਮਾਤ) ਤੇ ਤੀਜਾ ਸਥਾਨ ਸਹਿਜਪ੍ਰੀਤ (ਗਿਆਰ੍ਹਵੀ ਜਮਾਤ) ਨੇ ਹਾਸਲ ਕੀਤਾ। ਇਹ ਦਿਨ ਪੰਡਤ ਜਵਾਹਰ ਲਾਲ ਨੇਹਰੂ ਦੇ ਜਨਮਦਿਨ ਜੀ ਨੂੰ ਬਾਲ ਦਿਵਸ ਦੇ ਰੂਪ ਵਿੱਚ ਮਨਾਇਆ ਜਾਦਾ ਹੈ। ਮਾਤਾ ਸਾਹਿਬ ਕੌਰ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬੱਚਿਆਂ ਨੇ ਲੋਕ ਨਾਚ ਦੀ ਪੇਸ਼ਕਸ਼ ਦਿੱਤੀ। ਇਸ ਮੌਕੇ ਉੱਤੇ ਸਕੂਲ ਦੇ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ, ਸਕੂਲ ਕਮੇਟੀ ਦੇ ਮੈਂਬਰ ਮਹੀਪਾਲ ਸਿੰਘ, ਕਮਲਪਾਲ ਸਿੰਘ, ਹਰਬੀਰ ਸਿੰਘ, ਗੁਰਿੰਦਰ ਸਿੰਘ, ਮੈਡਮ ਸਿਮਰਨ, ਮੈਡਮ ਪਵਨਦੀਪ, ਮੈਡਮ ਸਨਦੀਪ ਸ਼ਰਮਾ, ਮੈਡਮ ਮੋਨਿਕਾ, ਅਭੈ ਬਜਾਜ, ਮੋਹਿਤ ਕੁਮਾਰ, ਸਾਜਨ ਪੁੱਗਲ, ਸਮੂਹ ਸਕੂਲ ਸਟਾਫ ਹਾਜ਼ਿਰ ਰਿਹਾ ਅਤੇ ਬੱਚਿਆਂ ਨੂੰ ਬਾਲ ਦਿਵਸ ਦੀ ਸ਼ੁਭਕਾਮਨਾਵਾਂ ਦਿੰਦੇ ਹੋਏ ਜੀਵਨ ਵਿੱਚ ਅੱਗੇ ਵਧਣ ਦਾ ਆਸ਼ੀਰਵਾਦ ਦਿੱਤਾ।

ਬਾਘਾ ਪੁਰਾਣਾ (ਮਨੀ ਸਿੰਗਲਾ) : ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਬਾਲ ਦਿਵਸ ਸਮਾਰੋਹ ਬਾਲ ਮੇਲੇ ਦੇ ਰੂਪ ਵਿੱਚ ਮਨਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਸਕੂਲ ਇੰਚਾਰਜ ਸ੍ਰੀ ਸੰਜੀਵ ਕੁਮਾਰ ਦੇ ਸੰਬੋਧਨ ਨਾਲ ਕੀਤੀ ਗਈ, ਜਿਸ ਵਿੱਚ ਉਨ੍ਹਾਂ ਨੇ ਬਾਲ ਮੇਲੇ ਦੀ ਮਹੱਤਤਾ ਦੇ ਨਾਲ ਨਾਲ ਦਾਖਲਾ ਮੁਹਿੰਮ ਦਾ ਆਗਾਜ ਵੀ ਕੀਤਾ। ਉਨ੍ਹਾਂ ਆਪਣੇ ਸੰਬੋਧਨ ਵਿੱਚ ਛੇਵੀਂ, ਸੱਤਵੀਂ ਤੇ ਅੱਠਵੀਂ ਅਤੇ ਬਾਕੀ ਜਮਾਤਾਂ ਵਿੱਚ ਵੱਧ ਤੋਂ ਵੱਧ ਦਾਖਲੇ ਲਈ ਬੱਚੀਆਂ ਤੇ ਆਏ ਹੋਏ ਮਹਿਮਾਨਾਂ ਨੂੰ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਬੱਚਿਆਂ ਨੇ ਭਾਸ਼ਣ, ਕਵਿਤਾ, ਗੀਤ ਆਦਿ ਰਚਨਾਵਾਂ ਰਾਹੀਂ ਸਭ ਦਾ ਮਨੋਰੰਜਨ ਵੀ ਕੀਤਾ ਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਸਿੱਖਿਆਵਾਂ ਦੀ ਵੀ ਝਲਕ ਪੇਸ਼ ਕੀਤੀ। ਬੱਚੀਆਂ ਨੇ ਵਿਸ਼ੇਸ਼ ਤੌਰ 'ਤੇ ਕੋਰੀਓਗ੍ਰਾਫ਼ੀ ਬਹੁਤ ਹੀ ਵਧੀਆ ਢੰਗ ਨਾਲ ਪੇਸ਼ ਕੀਤੀ। ਸਮਾਰੋਹ ਦੌਰਾਨ ਅਧਿਆਪਕਾਂ ਨੇ ਵੀ ਆਪਣੇ ਸੰਬੋਧਨ ਰਾਹੀਂ ਬੱਚਿਆਂ ਨੂੰ ਵਧੀਆ ਸਿੱਖਿਆ ਹਾਸਲ ਕਰਕੇ ਇਕ ਵਧੀਆ ਸਮਾਜ ਦੀ ਸਿਰਜਣਾ ਕਰਨ ਲਈ ਪ੍ਰੇਰਿਤ ਕੀਤਾ। ਉਪਰੋਕਤ ਤੋਂ ਇਲਾਵਾ ਬੱਚੀਆਂ ਦਾ ਪੰਜਾਬੀ ਪੜ੍ਹਨ ਬੁਝਾਰਤਾਂ ਸੁੰਦਰ ਲਿਖਾਈ ਕੈਲੀਗ੍ਰਾਫ਼ੀ ਆਦਿ ਦਾ ਵੀ ਮੁਕਾਬਲਾ ਵੱਖਰੇ ਤੌਰ 'ਤੇ ਕਰਾਇਆ ਗਿਆ।

ਸਮਾਰੋਹ ਦੌਰਾਨ ਸ੍ਰੀਮਤੀ ਗੁਰਿੰਦਰਜੀਤ ਕੌਰ ਲੈਕਚਰਾਰ ਪੰਜਾਬੀ, ਸ੍ਰੀਮਤੀ ਸਵਿੱਤਰੀ ਲੈਕਚਰਾਰ ਕਾਮਰਸ ਤੇ ਸ੍ਰੀਮਤੀ ਵੀਰਪਾਲ ਕੌਰ ਪੰਜਾਬੀ ਮਿਸਟ੍ਰੈਸ ਨੇ ਨਿਰਣਾਇਕ ਮੰਡਲ ਦੀ ਭੂਮਿਕਾ ਨਿਭਾਈ। ਸਮੂਹ ਤਿਆਰੀ ਸ੍ਰੀਮਤੀ ਰੁਪਿੰਦਰ ਕੌਰ ਲੈਕਚਰਾਰ ਪੰਜਾਬੀ ਦੀ ਦੇਖ-ਰੇਖ ਵਿੱਚ ਸ੍ਰੀਮਤੀ ਗੁਰਪ੍ਰੀਤ ਕੌਰ ਸ਼੍ਰੀਮਤੀ ਕਮਲਜੀਤ ਕੌਰ ਤੇ ਸ੍ਰੀਮਤੀ ਵੀਰਪਾਲ ਕੌਰ ਪੰਜਾਬੀ ਮਿਸਟ੍ਰੈਸ ਨੇ ਕਰਾਈ। ਸਮਾਰੋਹ ਵਿੱਚ ਸਮੂਹ ਸਟਾਫ਼ ਨੇ ਭਾਗ ਲਿਆ। ਮੰਚ ਸੰਚਾਲਨ ਸ੍ਰੀ ਧਰਮਪਾਲ ਯਾਦਵ ਲੈਕਚਰਾਰ ਕਾਮਰਸ ਤੇ ਸ੍ਰੀਮਤੀ ਰੁਪਿੰਦਰ ਕੌਰ ਲੈਕਚਰਾਰ ਪੰਜਾਬੀ ਨੇ ਕੀਤਾ। ਸ੍ਰੀਮਤੀ ਹਰਮੇਸ਼ ਕੌਰ ਪੀਟੀਆਈ, ਸ੍ਰੀਮਤੀ ਕਮਲਜੀਤ ਕੌਰ ਲੈਕਚਰਾਰ ਪੰਜਾਬੀ, ਸ੍ਰੀ ਬਲਦੇਵ ਸਿੰਘ ਲੈਕਚਰਾਰ ਕਾਮਰਸ, ਸ੍ਰੀ ਹਰਦੀਪ ਕੁਮਾਰ, ਸ੍ਰੀ ਜਤਿੰਦਰ ਕੁਮਾਰ, ਸ੍ਰੀਮਤੀ ਹਰਲੀਨ ਕੁਮਾਰੀ, ਸ੍ਰੀਮਤੀ ਪੂਜਾ, ਸ੍ਰੀ ਰਿਕੂ ਤੇ ਸਮੂਹ ਸਟਾਫ ਨੇ ਅਨੁਸ਼ਾਸਨ ਬਣਾਈ ਰੱਖਣ ਵਿੱਚ ਵਿਸ਼ੇਸ਼ ਯੋਗਦਾਨ ਦਿੱਤਾ।

ਸ੍ਰੀਮਤੀ ਸੀਮਾ ਰਾਣੀ ਮੈਥ ਮਿਸਟਰ ਨੇ ਮੈਥ ਸਬੰਧੀ ਰੋਚਕ ਜਾਣਕਾਰੀ ਦਿੱਤੀ। ਬੱਚਿਆਂ ਨੂੰ ਸਾਹਿਤ ਨਾਲ ਜੋੜਨ ਲਈ ਲਾਇਬ੍ਰੇਰੀ ਲੰਗਰ ਵੀ ਲਾਇਆ ਗਿਆ। ਇਸ ਵਿੱਚ ਬੱਚਿਆਂ ਨੇ ਵਧ-ਚੜ੍ਹ ਕੇ ਭਾਗ ਲਿਆ ਅਤੇ ਪੜ੍ਹਨ ਲਈ ਕਿਤਾਬਾਂ ਲਈਆਂ। ਸਮਾਰੋਹ ਦੇ ਅੰਤ ਵਿੱਚ ਸਕੂਲ ਇੰਚਾਰਜ ਸ੍ਰੀ ਸੰਜੀਵ ਕੁਮਾਰ ਨੇ ਸਭ ਦਾ ਧੰਨਵਾਦ ਕੀਤਾ ਤੇ ਦਾਖਲੇ ਸਬੰਧੀ ਜਾਗਰੂਕਤਾ ਫੈਲਾਉਣ ਲਈ ਬੱਚੀਆਂ, ਆਏ ਮਹਿਮਾਨਾਂ ਤੇ ਸਮੂਹ ਸਟਾਫ਼ ਨੂੰ ਵੱਧ ਤੋਂ ਵੱਧ ਸਕੂਲ ਵਿਚ ਦਾਖਲਾ ਕਰਾਉਣ ਲਈ ਪ੍ਰੇਰਿਤ ਕੀਤਾ ਤੇ ਦਾਖਲਾ ਵਧਾਉਣ ਲਈ ਪੋਸਟਰ ਵੀ ਵੰਡੇ ਗਏ।

ਜਗਰਾਉਂ (ਨਛੱਤਰ ਸੰਧੂ) : ਇਲਾਕੇ ਦੀ ਨਾਮਵਾਰ ਵਿੱਦਿਅਕ ਸੰਸਥਾ ਬੀ. ਬੀ. ਐੱਸ. ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਨਾਲ

ਮਨਾਇਆ ਗਿਆ। ਇਹ ਦਿਨ ਸਾਡੇ ਅਜ਼ਾਦ ਭਾਰਤ ਦੇ ਪੁਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ 'ਤੇ ਮਨਾਇਆ ਜਾਂਦਾ ਹੈ। ਪੰਡਿਤ ਨਹਿਰੂ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ ਤੇ ਉਨ੍ਹਾਂ ਦੇ ਹਰਮਨ ਪਿਆਰੇ ਨੇਤਾ ਵੀ ਸਨ। ਬੱਚੇ ਵੀ ਉਨ੍ਹਾਂ ਨੂੰ ਪਿਆਰ ਨਾਲ 'ਚਾਚਾ ਨਹਿਰੂ' ਕਹਿੰਦੇ ਸਨ। ਸਕੂਲ ਨੂੰ ਗੁਲਾਬੀ, ਨੀਲੇ ਤੇ ਸਫੈਦ ਗੁਬਾਰਿਆਂ ਨਾਲ ਸਜਾਇਆ ਗਿਆ। ਬੱਚਿਆਂ ਨੇ ਸਕੂਲ ਵਿਖੇ ਗੇਮਜ਼, ਡਾਂਸ, ਕੈਟ ਵਾਕ ਅਦਿ ਖੇਡਾਂ ਕਰਕੇ ਆਨੰਦ ਮਾਣਿਆ। ਬੱਚਿਆਂ ਨੇ ਅੱਜ ਸਕੂਲ ਦੇ ਮਾਹੌਲ ਤੋਂ ਹਟ ਕੇ ਮੌਜ ਮਸਤੀ ਦਾ ਖੂਬ ਆਨੰਦ ਮਾਣਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਮਿਸਿਜ਼ ਅਨੀਤਾ ਕੁਮਾਰੀ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਤੁਹਾਨੂੰ ਨਹਿਰੂ ਜੀ ਦੇ ਦੱਸੇ ਹੋਏ ਨਕਸ਼ੇ ਕਦਮਾਂ 'ਤੇ ਚੱਲਣਾ ਚਾਹੀਦਾ ਹੈ। ਉਨ੍ਹਾਂ ਸਕੂਲ ਵਿਖੇ ਪੰਡਿਤ ਜਵਾਹਰ ਲਾਲ ਜੀ ਦੇ ਜਨਮ ਦਿਨ ਉੱਪਰ ਬੱਚਿਆਂ ਨੂੰ ਟੌਫੀਆਂ ਵੀ ਵੰਡੀਆਂ। ਇਸ ਮੌਕੇ ਸਕੂਲ ਚੇਅਰਮੈਨ ਸਤੀਸ਼ ਕਾਲੜਾ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਤੇ ਬੱਚਿਆਂ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ ਬਾਰੇ ਜਾਣਕਾਰੀ ਵੀ ਦਿੱਤੀ। ਇਸ ਮੌਕੇ ਸਮੂਹ ਮੈਨੇਜਮੈਂਟ ਜਿਸ ਵਿੱਚ ਚੇਅਰਮੈਨ ਸਤੀਸ਼ ਕਾਲੜਾ, ਪ੍ਰਧਾਨ ਰਜਿੰਦਰ ਬਾਵਾ, ਵਾਈਸ ਚੇਅਰਮੈਨ ਹਰਕ੍ਰਿਸ਼ਨ ਭਗਵਾਨ ਦਾਸ ਬਾਵਾ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਵਾਈਸ ਪ੍ਰੈਜ਼ੀਡੈਂਟ ਸਨੀ ਅਰੋੜਾ ਤੇ ਡਾਇਰੈਕਟਰ ਰਾਜੀਵ ਸੱਗੜ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ।

ਸਮਰਾਲਾ (ਸੁਰਜੀਤ ਸਿੰਘ) : ਕਿੰਡਰ ਗਾਰਟਨ ਸੀ. ਸੈ. ਸਕੂਲ ਸਮਰਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਨੇ 'ਬਾਲ ਦਿਵਸ' ਮਨਾਇਆ, ਜਿਸ ਵਿੱਚ ਨੰਨ੍ਹੇ-ਮੁੰਨਿਆਂ ਨੇ ਕਵਿਤਾਵਾਂ ਤੇ ਦੇਸ਼ ਭਗਤੀ ਦੇ ਗੀਤਾਂ ਰਾਹੀਂ ਕਈ ਸੰਦੇਸ਼ ਸਾਂਝੇ ਕੀਤੇ। ਬੱਚਿਆਂ ਨੇ ਜਵਾਹਰ ਲਾਲ ਨਹਿਰੂ ਦੇ ਪਹਿਰਾਵੇ 'ਚ ਕਈ ਵੰਨਗੀਆਂ ਪੇਸ਼

ਕੀਤੀਆਂ। ਇਸ ਮੌਕੇ ਅਧਿਆਪਕਾਂ ਨੇ ਇਸ 'ਬਾਲ ਦਿਵਸ' ਬਾਰੇ ਆਪਣੇ ਵਿਚਾਰ ਬੱਚਿਆਂ ਨਾਲ ਸਾਂਝੇ ਕੀਤੇ। ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਨੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੇ

15-NOV-Page 3.qxd 11/14/2022 10:17 PM Page 1

ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮ੍ਰਿਤਕ ਪਰਵਾਰ ਦੇ ਵਾਰਸਾਂ ਲਾਇਆ ਧਰਨਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਬੀਤੀ ਰਾਤ ਹਾਦਸੇ ਵਿਚ ਇਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਹੋਈ ਮੌਤ ਤੋਂ ਬਾਅਦ ਪਰਿਵਾਰ ਵੱਲੋਂ ਧਰਨਾ ਦਿੱਤਾ ਗਿਆ ਅਤੇ ਹਾਦਸੇ ਵਾਲੇ ਵਾਹਨ ਦੀ ਸ਼ਨਾਖਤ ਕਰਕੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਯੋਗ ਮੁਆਵਜ਼ੇ ਦੀ ਮੰਗ ਕੀਤੀ ਗਈ। ਮ੍ਰਿਤਕ ਪਰਿਵਾਰ ਦੇ ਵਾਰਸਾਂ ਨੇ ਮੰਗ ਕੀਤੀ ਕਿ ਮਰਨ ਵਾਲੇ ਨੌਜਵਾਨ ਦੀਆਂ ਦੋ ਲੜਕੀਆਂ ਦਾ ਪਾਲਣ ਪੋਸ਼ਣ ਕਰਨ ਦਾ ਸਰਕਾਰ ਪ੍ਰਬੰਧ ਕਰੇ, ਰੇਤ ਦੀ ਹੋ ਰਹੀ ਮਾਈਨਿੰਗ ਨੂੰ ਬੰਦ ਕੀਤਾ ਜਾਵੇ। ਪ੍ਰਦਰਸ਼ਨਕਾਰੀਆਂ ਵੱਲੋਂ ਪੰਜਾਬ ਪੁਲਸ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਜ਼ਿਕਰਜੋਗ ਹੈ ਕਿ ਸ਼ਨੀਵਾਰ ਰਾਤ ਨੂੰ ਵਿਆਹ ਦੇਖ ਕੇ ਆ ਰਹੇ ਪਰਿਵਾਰ ਨੂੰ ਕੋਈ ਅਣਪਛਾਤਾ ਵਾਹਨ ਟੱਕਰ ਮਾਰ ਗਿਆ ਸੀ ਜਿਸ ਹਾਦਸੇ ਦੌਰਾਨ ਪਤੀ-ਪਤਨੀ ਸਮੇਤ ਦੋ ਹੋਰ ਬੱਚੇ ਹਾਦਸੇ ਵਾਲੀ ਜਗ੍ਹਾ 'ਤੇ ਦਮ ਤੋੜ ਗਏ ਸਨ। ਦੂਸਰੇ ਪਾਸੇ ਪੁਲਸ ਅਜਨਾਲਾ ਥਾਣਾ ਦੀ ਮੁਖੀ ਸੁਪਿੰਦਰ ਕੌਰ ਨੇ ਦੱਸਿਆ ਕਿ ਅਣਪਛਾਤੇ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਨ ਉਫਰੰਤ ਉਨ੍ਹਾਂ ਦੀ ਸ਼ਨਾਖਤ ਕਰਨ ਲਈ ਪੁਲਸ ਟੀਮ ਤਿਆਰ ਕਰਕੇ ਭਾਲ ਲਈ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ ਹਨ।

ਚੰਕੀ ਪਾਂਡੇ ਦੇ ਹੱਥੋਂ ਗੁਰਦੀਪ ਸਿੰਘ ਕੰਗ ਨੂੰ ਮਿਲਿਆ ਇੰਟਰਨੈਸ਼ਨਲ ਆਈਕਾਨ ਐਵਾਰਡ

ਫਗਵਾੜਾ (ਡਾ. ਰਮਨ) ਲਾਇਨਜ਼ ਇੰਟਰਨੈਸ਼ਨਲ 321-ਡੀ ਦੇ ਡਿਸਟ੍ਰਿਕਟ ਚੇਅਰਪਰਸਨ (ਸਾਈਟ ਫਸਟ) ਅਤੇ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਜਿਲ੍ਹਾ ਕਪੂਰਥਲਾ ਦੇ ਪ੍ਰਧਾਨ ਗੁਰਦੀਪ ਸਿੰਘ ਕੰਗ ਨੂੰ ਫਾਊਂਡੇਸ਼ਨ ਵੱਲੋਂ ਕਰਨਾਲ ਦੇ ਹੋਟਲ ਡੇਵੇਂਚਰ ਵਿਖੇ ਆਯੋਜਿਤ ਸ਼ਾਨਦਾਰ ਸਮਾਗਮ 'ਚ ਇੰਟਰਨੈਸ਼ਨਲ ਆਈਕਾਨ ਅਵਾਰਡ ਨਾਲ ਸਨਮਾਨਤ ਕੀਤਾ ਗਿਆ। ਇਹ ਸਨਮਾਨ ਉਹਨਾਂ ਦੀਆਂ ਸਮਾਜ ਸੇਵੀ ਅਤੇ ਭ੍ਰਿਸ਼ਟਾਚਾਰ ਦੇ ਖਿਲਾਫ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਨਿਭਾਈਆਂ ਜਾ ਰਹੀਆਂ ਵਧੀਆ ਸੇਵਾਵਾਂ ਨੂੰ ਮੁੱਖ ਰਖਦਿਆਂ ਫਿਲਮ ਸਟਾਰ ਚੰਕੀ ਪਾਂਡੇ ਵਲੋਂ ਪ੍ਰਦਾਨ ਕੀਤਾ ਗਿਆ ਹੈ। ਵਧੇਰੇ ਜਾਣਕਾਰੀ ਦਿੰਦਿਆਂ ਗੁਰਦੀਪ ਸਿੰਘ ਕੰਗ ਨੇ ਇੱਥੇ ਗਲਬਾਤ ਦੌਰਾਨ ਦੱਸਿਆ ਕਿ ਫਾਊਂਡੇਸ਼ਨ ਦੇ ਰਾਸ਼ਟਰੀ ਪ੍ਰਧਾਨ ਨਰਿੰਦਰ ਅਰੋੜਾ ਦੇ ਸੱਦੇ 'ਤੇ ਉਹ ਆਪਣੀ ਟੀਮ ਦੇ ਨਾਲ ਕਰਨਾਲ ਵਿਖੇ ਉਕਤ ਸਮਾਗਮ 'ਚ ਸ਼ਾਮਲ ਹੋਏ ਸਨ। ਜਿੱਥੇ ਚੰਕੀ ਪਾਂਡੇ ਨਾਲ ਮਿਲਣ ਦਾ ਯਾਦਗਾਰ ਮੌਕਾ ਮਿਲਿਆ। ਗੁਰਦੀਪ ਕੰਗ ਨੇ ਕਿਹਾ ਕਿ ਇਸ ਸਨਮਾਨ ਸਮਾਗਮ 'ਚ ਫਾਊਂਡੇਸ਼ਨ ਦੇ ਬੈਨਰ ਹੇਠ ਪੂਰੇ ਭਾਰਤ ਤੋਂ ਭ੍ਰਿਸ਼ਟਾਚਾਰ ਦੇ ਖਿਲਾਫ ਮੁਹਿਮ ਚਲਾ ਰਹੀਆਂ ਸ਼ਖਸੀਅਤਾਂ ਸ਼ਾਮਲ ਹੋਈਆਂ ਸਨ। ਉਹਨਾਂ ਦੱਸਿਆ ਕਿ ਨਿਜੀ ਜਿੰਦਗੀ 'ਚ ਚੰਕੀ ਪਾਂਡੇ ਬਹੁਤ ਹੀ ਮਿਲਨਸਾਰ ਅਤੇ ਖੁਸ਼ ਦਿਲ ਇਨਸਾਨ ਹਨ। ਗੁਰਦੀਪ ਸਿੰਘ ਕੰਗ ਨੇ ਉਕਤ ਅਵਾਰਡ ਲਈ ਰਾਸ਼ਟਰੀ ਪ੍ਰਧਾਨ ਨਰਿੰਦਰ ਅਰੋੜਾ, ਸਟੇਟ ਡਾਇਰੈਕਟਰ ਰਮਿਤਾ ਤਨੇਜਾ ਸਮੇਤ ਸਮੁੱਚੀ ਟੀਮ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਉਹਨਾਂ ਦੇ ਨਾਲ ਸਤਵਿੰਦਰ ਸਿੰਘ ਭਮਰਾ ਅਤੇ ਰਾਜ ਕੁਮਾਰ ਬਸਰਾ ਆਦਿ ਹਾਜ਼ਰ ਸਨ।

ਸੀ ਐਚ ਸੀ ਬੜਾ ਪਿੰਡ ਵੱਲੋਂ 34ਵੇਂ ਡੈਂਟਲ ਪੰਦਰਵਾੜੇ ਦੀ ਸ਼ੁਰੂਆਤ

ਗੁਰਾਇਆ (ਬਿੰਦਰ ਸੁਮਨ) ਸਿਵਲ ਸਰਜਨ ਡਾ. ਰਜੀਵ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵਲੋਂ 34ਵੇਂ ਡੈਂਟਲ ਪਦਰਵਾੜੇ ਦੀ ਸ਼ੁਰੂਆਤ ਸੀਨੀਅਰ ਮੈਡੀਕਲ ਅਫਸਰ ਡਾ. ਰੁਪਿੰਦਰਜੀਤ ਕੌਰ ਦੀ ਅਗਵਾਈ ਹੇਠ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦੇ ਹਏ ਡਾ. ਅਵਿਨਾਸ਼ ਮੰਗੋਤਰਾ ਮੈਡੀਕਲ ਅਫਸਰ ਡੈਂਟਲ ਨੇ ਦੱਸਿਆ ਕਿ ਇਹ ਪੰਦਰਵਾੜਾ 14 ਨਵੰਬਰ ਤੋਂ ਸ਼ੁਰੂ ਹੋ ਕੇ 29 ਨਵੰਬਰ ਤੱਕ ਚੱਲੇਗਾ ਅਤੇ ਇਸ ਦੌਰਾਨ ਦੰਦਾਂ ਦੀਆਂ ਸਾਰੀਆਂ ਬਿਮਾਰੀਆਂ ਦਾ ਇਲਾਜ ਮੁਫਤ ਕੀਤਾ ਜਾਵੇਗਾ। ਉਨ੍ਹਾ ਦੱਸਿਆ ਕਿ ਸਰਕਾਰ ਵੱਲੋਂ ਇਸ ਪਦਰਵਾੜੇ ਦੌਰਾਨ 15 ਮੁਫਤ ਡੈਂਚਰ ਮਨਜੂਰ ਕੀਤੇ ਗਏ ਹਨ, ਪਰ ਉਨ੍ਹਾ ਦਾ ਟੀਚਾ ਹੈ ਕਿ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਇਸ ਤੋਂ ਵੱਧ ਡੈਂਚਰ ਲਗਾਏ ਜਾਣ। ਸੀਨੀਅਰ ਮੈਡੀਕਲ ਅਫਸਰ ਡਾ. ਰੁਪਿੰਦਰਜੀਤ ਕੌਰ ਨੇ ਦੱਸਿਆ ਕਿ ਮੁਫਤ ਡੈਂਚਰਾਂ ਤੋਂ ਇਲਾਵਾ ਰੂਟਕਨਾਲ ਟ੍ਰੀਟਮੈਂਟ, ਸਕੇਲਿੰਗ, ਐਕਸਟ੍ਰੇਕਸ਼ਨ, ਦੰਦਾ ਦੀ ਸਫਾਈ, ਦੰਦਾਂ ਦੇ ਐਕਸਰੇ ਤੇ ਦਵਾਈਆਂ ਆਦੀ ਵੀ ਮੁਫਤ ਦਿੱਤੀਆਂ ਜਾਣਗੀਆਂ। ਮੈਡੀਕਲ ਅਫਸਰ ਡੈਂਟਲ ਸਿਵਲ ਹਸਪਤਾਲ ਨੂਰਮਹਿਲ ਡਾ. ਹਰਜੋਤ ਇਸ ਪੰਦਰਵਾੜੇ ਦੌਰਾਨ ਆਪਣੀਆਂ ਸੇਵਾਵਾਂ ਵਿਸ਼ੇਸ਼ ਤੌਰ 'ਤੇ ਦੇਣਗੇ।

ਇਸ ਮੌਕੇ ਸਰਪੰਚ ਸੰਦੀਪ ਸਿੰਘ ਗਿੱਲ, ਪ੍ਰਧਾਨ ਪੇਂਡੂ ਵਿਕਾਸ ਸਭਾ ਬੜਾ ਪਿੰਡ ਵੱਲੋਂ ਜੀਵਨ ਕੁਮਾਰ, ਜੋਗਿੰਦਰ ਸਿੰਘ ਨਬਰਦਾਰ, ਮੱਖਣ ਸਿੰਘ ਤੇ ਹੋਰ ਪਿੰਡ ਵਾਸੀਆਂ ਵੱਲੋਂ ਕੈਂਪ ਲਈ ਵਿਸ਼ੇਸ਼ ਆਰਥਿਕ ਯੋਗਦਾਨ ਵੀ ਦਿੱਤਾ।

ਨਸ਼ਾਖੋਰੀ ਇੱਕ ਮਾਨਸਿਕ ਬਿਮਾਰੀ, ਇਸ ਦਾ ਇਲਾਜ ਸੰਭਵ : ਡਾ. ਹਰਬੰਸ ਕੌਰ

ਹੁਸ਼ਿਆਰਪੁਰ, (ਓ ਪੀ ਰਾਣਾ, ਬਲਬੀਰ ਸਿੰਘ ਸੈਣੀ.)-ਪੰਜਾਬ ਸਰਕਾਰ ਦੇ ਨਿਰਦੇਸ਼ਾਂ 'ਤੇ ਫੂਡ ਕਰਾਫ਼ਟ ਇੰਸਟੀਚਿਊਟ ਹੁਸ਼ਿਆਰਪੁਰ ਨੇ ਸਿਹਤ ਵਿਭਾਗ ਨਾਲ ਮਿਲ ਕੇ ਜ਼ਿਲ੍ਹੇ ਵਿਚ ਤੰਬਾਕੂ ਤੇ ਨਸ਼ਾਖੋਰੀ ਖਿਲਾਫ਼ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿਚ ਮੁੱਖ ਮਹਿਮਾਨ ਵਜੋਂ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਬੰਸ ਕੌਰ ਨੇ ਸ਼ਿਰਕਤ ਕੀਤੀ। ਇਸ ਮੌਕੇ ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਏ. ਜਗਨਾਥਨ, ਜ਼ਿਲ੍ਹਾ ਕੋਆਰਡੀਨੇਟਰ ਅਸ਼ਵਨੀ ਕੁਮਾਰ ਕੌਂਡਲ, ਟੀਚਿੰਗ ਐਸੋਸੀਏਸ਼ਨ ਅਭਿਸ਼ੇਕ ਪਾਠਕ ਤੇ ਇੰਸਟੀਚਿਊਟ ਦਾ ਸਟਾਫ਼ ਮੌਜੂਦ ਸੀ।

ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਬੰਸ ਕੌਰ ਨੇ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਨਸ਼ਾਖੋਰੀ ਇਕ ਮਾਨਸਿਕ ਬਿਮਾਰੀ ਹੈ ਅਤੇ ਇਸ ਦਾ ਇਲਾਜ ਸੰਭਵ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਨਸ਼ਾਖੋਰੀ ਦਾ ਇਲਾਜ ਪੰਜਾਬ ਸਰਕਾਰ ਵਲੋਂ ਨਸ਼ਾ ਮੁਕਤੀ ਕੇਂਦਰ ਸਿਵਲ ਹਸਪਤਾਲ ਦਸੂਹਾ ਤੋਂ ਇਲਾਵਾ ਸਰਕਾਰੀ ਪੁਨਰਵਾਸ ਕੇਂਦਰ ਹੁਸ਼ਿਆਰਪੁਰ (ਮੁਹੱਲਾ ਫਤਹਿਗੜ੍ਹ) ਅਤੇ 17 ਓ.ਓ.ਏ.ਟੀ ਕਲੀਨਿਕਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਨਸ਼ਾਖੋਰੀ ਦਾ ਇਲਾਜ ਸਿਹਤ ਵਿਭਾਗ ਪੰਜਾਬ ਵਲੋਂ ਮੁਫ਼ਤ ਕੀਤਾ ਜਾਂਦਾ ਹੈ ਅਤੇ ਮਰੀਜ ਨੂੰ ਪਹਿਲੇ 10-15 ਦਿਨ ਲਈ ਨਸ਼ਾ ਮੁਕਤੀ ਕੇਂਦਰ ਹੁਸ਼ਿਆਰਪੁਰ ਅਤੇ ਦਸੂਹਾ ਵਿਚ ਰੱਖਿਆ ਜਾਂਦਾ ਹੈ, ਜਿਥੇ ਮਰੀਜ ਦਾ ਡੀਟਾਕਸੀਫਿਕੇਸ਼ਨ ਕਰਨ ਉਪਰੰਤ ਮਰੀਜ ਨੂੰ 90 ਦਿਨਾਂ ਲਈ ਸਰਕਾਰੀ ਪੁਨਰਵਾਸ ਕੇਂਦਰ ਮੁਹੱਲਾ ਫਤਹਿਗੜ੍ਹ ਵਿਚ ਦਾਖਲ ਕਰਵਾਇਆ ਜਾਂਦਾ ਹੈ।

ਡਿਪਟੀ ਮੈਡੀਕਲ ਕਮਿਸ਼ਨਰ ਨੇ ਕਿਹਾ ਕਿ ਪੁਨਰਵਾਸ ਕੇਂਦਰ ਵਿਚ ਮਰੀਜਾਂ ਦੀ ਗਰੁੱਪ ਕਾਊਂਸਲਿੰਗ, ਵਿਅਕਤੀਗਤ ਕਾਊਂਸਲੰਗ, ਪਰਿਵਾਰਕ ਕਾਊਂਸਲੰਗ, ਅਧਿਆਤਮਕ ਕਾਊਂਸਲੰਗ, ਯੋਗ, ਕਸਰਤ, ਜਿੰਮ ਤੇ ਹੋਰ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਓ.ਓ.ਏ.ਟੀ. ਕਲੀਨਿਕ ਖੋਲ੍ਹੇ ਗਏ ਹਨ, ਜਿਥੇ ਅਫੀਮ ਤੋਂ ਬਣਨ ਵਾਲੇ ਨਸ਼ੇ ਦਾ ਇਲਾਜ ਜੀਭ ਦੇ ਥੱਲੇ ਰੱਖਣ ਵਾਲੀ ਗੋਲੀ ਬੁਪ੍ਰੋਨੋਰਫਿਨ ਤੇ ਨਿਲਾਕਸਨ ਤੋਂ ਕੀਤਾ ਜਾਂਦਾ ਹੈ। ਸੈਮੀਨਾਰ ਨੂੰ ਮਨੋਵਿਗਿਆਨਕ-ਕਮ-ਕੌਂਸਲਰ ਸੰਦੀਪ ਕੁਮਾਰੀ ਤੇ ਐਕਟੀਵਿਟੀ ਕੋਆਰਡੀਨੇਟਰ ਪ੍ਰਸ਼ਾਂਤ ਆਦਿਆ ਨੇ ਵੀ ਸੰਬੋਧਨ ਕੀਤਾ।

ਅਚਾਰੀਆ ਜਗਦੰਬਾ ਰਤੂੜੀ ਸਰਬਸੰਮਤੀ ਨਾਲ ਕੇਂਦਰੀ ਪੁਜਾਰੀ ਪ੍ਰੀਸ਼ਦ ਦੇ ਪ੍ਰਧਾਨ ਬਣੇ

ਮੁਹਾਲੀ (ਗੁਰਜੀਤ ਬਿੱਲਾ) ਕੇਂਦਰੀ ਪੁਜਾਰੀ ਪ੍ਰੀਸ਼ਦ ਮੁਹਾਲੀ ਦੇ ਇਸ ਵਾਰ ਵੀ ਪ੍ਰਧਾਨ ਬਣਨ ਦਾ ਸੁਭਾਗ ਫੇਜ਼ 3ਬੀ 2 ਮੰਦਰ ਦੇ ਅਚਾਰੀਆ ਜਗਦੰਬਾ ਰਤੂੜੀ ਨੂੰ ਮਿਲਿਆ ਅਤੇ ਚੌਥੀ ਵਾਰ ਪੁਜਾਰੀ ਪ੍ਰੀਸ਼ਦ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ । ਬੈਠਕ ਵਿੱਚ ਮੌਜੂਦ ਰਹੇ ਪੁਜਾਰੀਆਂ / ਅਚਾਰੀਆਂ ਨੇ ਜਗਦੰਬਾ ਰਤੂੜੀ ਨੂੰ ਹੀ ਸਰਬਸੰਮਤੀ ਦੇ ਨਾਲ ਚੌਥੀ ਵਾਰ ਪੁਜਾਰੀ ਪ੍ਰੀਸ਼ਦ ਦਾ ਪ੍ਰਧਾਨ ਚੁਣ ਲਿਆ ਗਿਆ ਅਤੇ ਸਾਰਿਆਂ ਨੇ ਉਨ੍ਹਾਂ ਦੇ ਗਲ਼ ਵਿਚ ਫੁੱਲਾਂ ਦਾ ਹਾਰ ਪਾ ਕੇ ਪ੍ਰਧਾਨ ਦਾ ਸੁਆਗਤ ਕੀਤਾ । ਇਸ ਦੌਰਾਨ ਬੈਠਕ ਵਿੱਚ ਕੇਂਦਰੀਏ ਮੰਦਰ ਪੁਜਾਰੀ ਪ੍ਰੀਸ਼ਦ ਮੁਹਾਲੀ ਦੇ ਸੰਸਥਾਪਕ ਪੰਡਿਤ ਸੁੰਦਰ ਲਾਲ ਬਿਜਲਵਾਨ, ਸ਼ਿਵਾਨੰਦ ਜੋਸ਼ੀ , ਸ਼ੰਕਰ ਸ਼ਾਸਤਰੀ , ਸੋਹਣ ਸ਼ਾਸਤਰੀ , ਕਥਾਵਾਚਕ ਕਿਸ਼ੋਰ ਸ਼ਾਸਤਰੀ, ਕਥਾਵਾਚਕ ਬੀਰੇਂਦਰ ਕ੍ਰਿਸ਼ਨ ਸ਼ਾਸਤਰੀ, ਜਗਤ ਰਾਮ ਸ਼ਾਸਤਰੀ ਕਥਾਵਾਚਕ, ਯੋਗੇਸ਼ਵਰ ਪ੍ਰਸਾਦ , ਸਰਵੇਸ਼ਵਰ ਪ੍ਰਸਾਦ, ਦੇਵੇਸ਼ਵਰ ਬਿਆਸ , ਦੀਪਕ ਪੰਤ, ਅਰਵਿੰਦ ਤ੍ਰਿਪਾਠੀ, ਮਨੋਜ ਸ਼ਾਸਤਰੀ, ਮਨੋਜ ਸਤੀ, ਸ਼ੌਕਾਰਾਮ ਸ਼ਾਸਤਰੀ , ਸੁਧੀਰ ਜੋਸ਼ੀ, ਨਮਿੰਦਰ ਸੋਮਵਾਲ, ਬਲਰਾਮ ਭੱਟ, ਓਮ ਪ੍ਰਕਾਸ਼ ਨੌਟਿਆਲ, ਚੰਦਰਮਾ ਮਿਸ਼ਰਾ, ਵਾਸੂਦੇਵ ਜੋਸ਼ੀ, ਰਾਮ ਸ਼ੰਕਰ ਗੋਪਾਲ ਮਣੀ ਮਿਸ਼ਰਾ , ਲੱਕੀ ਸ਼ਰਮਾ, ਸੁਰੇਸ਼ ਸ਼ਾਸਤਰੀ, ਅਯੁੱਧਿਆ ਪ੍ਰਸਾਦ, ਨੌਟਿਆਲ ਮਾਧਵ ਮਿਸ਼ਰਾ, ਪੰਡਿਤ ਮਨੂ ਮਿਸ਼ਰਾ ਪ੍ਰਚਾਰ ਮੰਤਰੀ, ਰਾਮ ਅਵਸਥੀ, ਰਾਜੇਸ਼ ਸ਼ਰਮਾ, ਦਿਨੇਸ਼ ਨੌਟਿਆਲ, ਮਸਤਰਾਮ ਨੌਟਿਆਲ, ਰਾਜਿੰਦਰ ਪ੍ਰਸ਼ਾਦ ਸ਼ਾਸਤਰੀ, ਮਹੇਸ਼ਵਰ ਅੰਨ੍ਹੀਆਲ,ਬਾਲ ਗੋਬਿੰਦ ਪੇਟਵਾਲ, ਨੱਥੀ ਲਾਲ ਜੋਸ਼ੀ, ਦੁਰਗਾ ਪ੍ਰਸਾਦ ,ਰਾਜੇਸ਼ ਬਿਜਲਵਾਨ,ਵਿਮਲ ਬਿਜਲਵਾਨ,ਚੰਦਰ ਮੋਹਣ ਸ਼ਾਸਤਰੀ, ਸੰਦੀਪ ਸ਼ਾਸਤਰੀ, ਰਾਜੇਸ਼ ਗੌੜ ਦੁਰਗਾ ਪ੍ਰਸਾਦ ਸਲਵਾਨ,ਗੋਕੁਲ ਬਿਜਲਵਾਨ,ਵਿਜੈ ਨੌਟਿਆਲ, ਸ਼ੰਕਰ ਦਿਆਲ, ਸ਼ਿਵਨਰਾਇਣ, ਸ਼ਿਵ ਪ੍ਰਸ਼ਾਦ, ਅਸ਼ੀਸ਼ ਪੇਨੁਲੀ,ਅਸ਼ੀਸ਼ ਜੋਸ਼ੀ ,ਓਮ ਪ੍ਰਕਾਸ਼ ਨੌਟਿਆਲ, ਚੰਦਰਮਾ ਮਿਸ਼ਰਾ, ਵਾਸੂਦੇਵ ਜੋਸ਼ੀ, ਰਾਮ ਸ਼ੰਕਰ, ਗੋਪਾਲ ਮਣੀ ਮਿਸ਼ਰਾ, ਸ਼ਸ਼ੀ ਸਰਮਾ, ਪੰਕਜ ਪੇਨੁਲੀ,ਸੁਰੇਸ਼ ਸ਼ਾਸਤਰੀ ,ਅਯੁੱਧਿਆ ਪ੍ਰਸਾਦ ਨੌਟਿਆਲ, ਮਾਧਵ ਸ਼ਾਸਤਰੀ, ਮਹੇਸ਼ ਨੌਟਿਆਲ ,ਭਰਤ ਰਾਮ ਡਿਮਰੀ ,ਅਰਥਚਾਰੇ ਰਜੀਵ ਸ਼ਰਮਾ ਦੇ ਇਲਾਵਾ ਹੋਰ ਵੀ ਪੁਜਾਰੀ ਵੀ ਉਪਸਥਿਤ ਰਹੇ ।

ਅਨੂਪ ਕਪੂਰ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਬਣੇ

ਅੰਮ੍ਰਿਤਸਰ (ਅਰੋੜਾ)-ਜ਼ਿਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਪੱਪੂ ਅਤੇ ਹਲਕਾ ਲੋਕ ਸਭਾ ਅੰਮ੍ਰਿਤਸਰ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਅੰਮ੍ਰਿਤਸਰ ਦੇ ਕਾਂਗਰਸੀ ਵਰਕਰਾਂ ਦੇ ਹੌਸਲੇ ਵਧਾਉਣ ਅਤੇ ਕਾਂਗਰਸ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਤੇਜ਼ੀ ਲਿਆਉਣ ਲਈ ਜ਼ਿਲਾ ਕਾਂਗਰਸ ਕਮੇਟੀ ਵਿੱਚ ਨਵੀਆਂ ਨਿਯੁਕਤੀਆਂ ਕੀਤੇ ਜਾਣ ਦਾ ਅਭਿਆਨ ਸ਼ੁਰੂ ਕੀਤਾ ਹੈ ਜਿਸਦੇ ਚਲਦੇ ਉਨ੍ਹਾਂ ਨੇ ਸਮਾਜ ਸੇਵਕ ਅਨੂਪ ਕਪੂਰ ਨੂੰ ਜ਼ਿਲਾ ਕਾਂਗਰਸ ਕਮੇਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ। ਇਸ ਸੰਬੰਧ ਵਿੱਚ ਰਾਮ ਬਾਗ ਸਥਿਤ ਅੰਮ੍ਰਿਤਸਰ ਕਲੱਬ ਵਿਖੇ ਇੱਕ ਸਾਦੇ ਸਮਾਗਮ ਦਾ ਆਯੋਜਨ ਕੀਤਾ ਗਿਆ।

ਸਮਾਗਮ ਵਿੱਚ ਸਾਬਕਾ ਕੌਂਸਲਰ ਕ੍ਰਿਸ਼ਨ ਕੁਮਾਰ ਕੁੱਕੂ, ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਅਤੇ ਪ੍ਰਧਾਨ ਅਸ਼ਵਨੀ ਕੁਮਾਰ ਪੱਪੂ ਨੇ ਉਨਾਂ ਨੂੰ ਨਿਯੁਕਤੀ ਪੱਤਰ ਸੌਂਪਿਆ।

ਨਵੇਂ ਬਣੇ ਜਨਰਲ ਸਕੱਤਰ ਅਨੂਪ ਕਪੂਰ ਨੇ ਸਮਾਗਮ ਵਿੱਚ ਮੌਜੂਦ ਕਾਂਗਰਸੀ ਵਰਕਰਾਂ ਅਤੇ ਕਲੱਬ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਪਾਰਟੀ ਨੂੰ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਆਪਣੇ ਅਹੁਦੇ 'ਤੇ ਰਹਿ ਕੇ ਪਾਰਟੀ ਦੀ ਬੇਹਤਰੀ ਦੇ ਲਈ ਵੱਧ ਤੋਂ ਵੱਧ ਉਪਰਾਲੇ ਕਰਨਗੇ।

ਉਨ੍ਹਾਂ ਨੇ ਪ੍ਰਧਾਨ ਅਸ਼ਵਨੀ ਪੱਪੂ ਦਾ ਧੰਨਵਾਦ ਕੀਤਾ। ਇਸ ਮੌਕੇ ਅੰਮ੍ਰਿਤਸਰ ਕਲੱਬ ਦੇ ਸਕੱਤਰ ਲਲਿਤ ਮੋਹਨ ਚੰਡੋਕ, ਕੁੱਕੂ ਗੰਗਾਧਰ, ਰਮੇਸ਼ ਮਹਿਰਾ, ਕੁਲਦੀਪ ਸਿੰਘ ਨਾਗੀ, ਲਾਲੀ ਟਾਬੀਆ, ਸੰਤ ਪ੍ਰਕਾਸ਼ ਬੱਤਰਾ, ਰਮੇਸ਼ ਸੋਡੀ, ਅਜੇ ਅਰੋੜਾ, ਸੁਨੀਲ ਖੰਨਾ, ਓਮ ਪ੍ਰਕਾਸ਼, ਲਾਟੀ ਸ਼ਾਹ, ਸੁਰਿੰਦਰ ਓਬਰਾਏ, ਮਨਮੋਹਨ ਸੰਗਮ, ਅਸ਼ੋਕ ਚੌਧਰੀ ਸਹਿਤ ਭਾਰੀ ਗਿਣਤੀ ਵਿੱਚ ਖੇਤਰ ਦੇ ਪਤਵੰਤੇ ਲੋਕ ਮੌਜੂਦ ਸਨ।

ਮਿਸਤਰੀਆਂ ਤੇ ਮਜ਼ਦੂਰਾਂ ਨੂੰ ਨਜਾਇਜ਼ ਹਿਰਾਸਤ 'ਚ ਰੱਖਣ ਦੀ ਸੀ ਟੀ ਯੂ ਵੱਲੋਂ ਸਖਤ ਨਿਖੇਧੀ

ਪਠਾਨਕੋਟ (ਦਵਿੰਦਰ ਸਿੰਘ)-ਪਿਛਲੇ ਦਿਨੀਂ ਨਾਜਾਇਜ਼ ਉਸਾਰੀ ਨੂੰ ਰੋਕੇ ਜਾਣ ਸਮੇਂ ਜ਼ਿਲ੍ਹਾ ਪ੍

ਨਵਾਂ ਜ਼ਮਾਨਾ
ਮੰਗਲਵਾਰ, 15 ਨਵੰਬਰ 2022

ਮਨੁੱਖੀ ਅਧਿਕਾਰਾਂ ਬਾਰੇ ਭਾਰਤ ਦੀ ਖਿਚਾਈ

ਸਵਿਟਜ਼ਰਲੈਂਡ ਦੀ ਰਾਜਧਾਨੀ ਜਨੇਵਾ ਵਿੱਚ ਮਨੁੱਖੀ ਅਧਿਕਾਰਾਂ ਦੇ ਮਸਲੇ 'ਤੇ ਯੂਨਾਈਟਿਡ ਨੇਸ਼ਨ ਹਿਊਮਨ ਰਾਈਟਸ ਕੌਂਸਲ ਦੀ ਚਲ ਰਹੀ ਮੀਟਿੰਗ ਵਿੱਚ ਮੋਦੀ ਹਕੂਮਤ ਦੀ ਜ਼ੋਰਦਾਰ ਖਿਚਾਈ ਹੋਈ ਹੈ। ਖਿਚਾਈ ਕਰਨ ਵਾਲੇ ਦੇਸਾਂ ਵਿੱਚ, ਬੈਲਜੀਅਮ ਤੇ ਕਨੇਡਾ ਸਮੇਤ ਕਈ ਦੇਸ਼ ਸ਼ਾਮਲ ਹਨ। ਮੀਟਿੰਗ ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਹਿਜ਼ਾਬ ਮਸਲੇ ਬਾਰੇ ਸਰਕਾਰੀ ਰੁੱਖ ਧਰਮ ਤਬਦੀਲੀ ਬਾਰੇ ਕੁਝ ਰਾਜ ਸਰਕਾਰਾਂ ਵੱਲੋਂ ਪਾਸ ਕੀਤੇ ਕਾਨੂੰਨ, ਪੱਤਰਕਾਰਾਂ ਤੇ ਮਨੁੱਖੀ ਅਧਿਕਾਰਾਂ ਪ੍ਰਤੀ ਸਰਕਾਰੀ ਰਵੱਈਏ ਤੇ ਫਾਰੇਨ ਕੰਟਰੀ ਬਿਊਸ਼ਨ ਰੈਗੂਲੇਸ਼ਨ ਐਕਟ (ਐਫ਼ ਸੀ ਆਰ ਏ) ਬਾਰੇ ਭਾਰਤ ਨੂੰ ਤਿੱਖੇ ਸਵਾਲ ਕੀਤੇ ਗਏ ਹਨ।

ਇਸ ਮੀਟਿੰਗ ਵਿੱਚ ਅਮਰੀਕਾ ਤੇ ਬੈਲਜੀਅਮ ਨੇ ਨਾਗਰਿਕਤਾ ਸੋਧ ਕਾਨੂੰਨ ਨੂੰ ਘੱਟ ਗਿਣਤੀਆਂ ਵਿਰੋਧੀ ਕਰਾਰ ਦਿੱਤਾ ਅਤੇ ਭਾਰਤ ਨੂੰ ਪੁੱਛਿਆ ਕਿ ਕੀ ਉਹ ਇਸ ਕਾਨੂੰਨ ਨੂੰ ਰੱਦ ਕਰੇਗਾ। ਬੈਲਜੀਅਮ ਨੇ ਕਿਹਾ ਕਿ ਕੀ ਭਾਰਤ ਸਰਕਾਰ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਵਾਲੇ ਸੀ ਏ ਏ ਤੇ ਧਰਮ ਤਬਦੀਲੀ ਬਾਰੇ ਕਾਨੂੰਨਾਂ ਨੂੰ ਖ਼ਤਮ ਕਰੇਗੀ। ਦੋਹਾਂ ਦੇਸ਼ਾਂ ਨੇ ਇਹ ਵੀ ਪੁੱਛਿਆ ਕਿ ਕੀ ਉਨ੍ਹਾ ਦੇ ਦੇਸ਼ ਵਿੱਚ ਪੱਤਰਕਾਰਾਂ, ਮਨੁੱਖੀ ਅਧਿਕਾਰ ਕਾਰਕੁੰਨਾਂ ਤੇ ਸਿਵਲ ਸੁਸਾਇਟੀ ਜਥੇਬੰਦੀਆਂ ਨੂੰ ਪ੍ਰਗਟਾਵ, ਆਪਣੇ ਅਧਿਕਾਰਾਂ ਦੀ ਵਰਤੋਂ ਕਰਨ ਤੇ ਵਿਰੋਧ ਪ੍ਰਦਰਸ਼ਨ ਕਰਨ ਦੀ ਖੁਲ੍ਹੀ ਅਜ਼ਾਦੀ ਹੈ। ਅਮਰੀਕਾ, ਬੈਲਜੀਅਮ, ਸਪੇਨ, ਪਨਾਮਾ, ਕਨੇਡਾ ਤੇ ਸਲਵਾਨੀਆ ਨੇ 7 ਨਵੰਬਰ ਨੂੰ ਸ਼ੁਰੂ ਹੋਈ ਬੈਠਕ ਦੇ ਪਹਿਲੇ ਦਿਨ ਹੀ ਆਪਣੇ ਸਵਾਲ ਪੇਸ਼ ਕਰ ਦਿੱਤੇ ਸਨ।

ਖੁਦ ਨੂੰ ਭਾਰਤ ਦਾ ਰਣਨੀਤਕ ਭਾਈਵਾਲ ਦੱਸਣ ਵਾਲੇ ਅਮਰੀਕਾ ਨੇ ਮਨੁੱਖੀ ਅਧਿਕਾਰਾਂ ਦੇ ਸਵਾਲ ਉੱਤੇ ਸਖ਼ਤ ਟਿੱਪਣੀਆਂ ਕੀਤੀਆਂ ਹਨ। ਘੱਟ ਗਿਣਤੀਆਂ ਨੂੰ ਭੈ-ਭੀਤ ਕਰਨ ਵਾਲੀਆਂ ਕਾਰਵਾਈਆਂ, ਹਿੰਦੂ ਜਥੇਬੰਦੀਆਂ ਦਾ ਘੱਟ ਗਿਣਤੀਆਂ ਪ੍ਰਤੀ ਹਮਲਾਵਰ ਰੁਖ, ਮਨੁੱਖੀ ਅਧਿਕਾਰ ਕਾਰਕੁੰਨਾਂ ਪ੍ਰਤੀ ਸਰਕਾਰੀ ਰਵੱਈਏ ਤੇ ਗਊ ਹੱਤਿਆ ਬਾਰੇ ਕਾਨੂੰਨਾਂ ਸੰਬੰਧੀ ਅਮਰੀਕਾ ਵੱਲੋਂ 8 ਸਵਾਲ ਪੁੱਛੇ ਗਏ ਹਨ।

ਅਮਰੀਕਾ ਨੇ ਹਿਜਾਬ ਮੁੱਦੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਭਾਰਤ ਦੇ ਇੱਕ ਸੂਬੇ ਵਿੱਚ ਵਿਦਿਅਕ ਅਦਾਰਿਆਂ ਵਿੱਚ ਧਾਰਮਿਕ ਪੁਸ਼ਾਕ ਪਹਿਨਣ ਤੋਂ ਕਾਫ਼ੀ ਵਿਵਾਦ ਹੋਇਆ ਸੀ। ਉਸ ਨੇ ਕਿਹਾ ਕਿ ਅਸੀਂ ਇਨ੍ਹਾਂ ਘਟਨਾਵਾਂ ਨੂੰ ਚਿੰਤਾ ਚੁਰ ਹਾਂ, ਜਿਨ੍ਹਾਂ ਵਿੱਚ ਧਾਰਮਿਕ ਤੇ ਜਾਤੀ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨੇ ਡਰਾਇਆ-ਧਮਕਾਇਆ ਗਿਆ ਸੀ। ਅਮਰੀਕਾ ਨੇ ਕਿਹਾ ਕਿ ਕੀ ਭਾਰਤ ਸਰਕਾਰ ਦੱਸੇਗੀ ਕਿ ਉਹ ਘੱਟ ਗਿਣਤੀ ਸਮੂਹਾਂ ਨੂੰ ਭੇਦਭਾਵ ਤੋਂ ਬਚਾਉਣ ਲਈ ਕੀ ਕਦਮ ਚੁੱਕ ਰਹੀ ਹੈ।

ਅਮਰੀਕੀ ਪ੍ਰਤੀਨਿਧਾਂ ਨੇ ਭਾਰਤ ਸਰਕਾਰ ਨੂੰ ਪੁੱਛਿਆ ਹੈ ਕਿ ਅਨਲਾਮਫੁੱਲ ਐਕਟੀਟਿਟੀਜ਼ ਪ੍ਰੀਵੈਸ਼ਨ ਐਕਟ (ਯੂ ਏ ਪੀ ਏ) ਐਨ ਐਸ ਏ, ਸਰਵਜਨਕ ਸੁਰੱਖਿਆ ਕਾਨੂੰਨ ਤੇ ਭਾਰਤੀ ਦੰਡ ਧਾਰਾਵਾਂ 124ਏ, 499 ਤੇ 500 ਵਰਗੇ ਕਾਨੂੰਨਾਂ ਵਿੱ ਮਨੁੱਖੀ ਅਧਿਕਾਰਾਂ ਪ੍ਰਤੀ ਆਪਣੀ ਵਚਨਬੱਧਤਾ ਦਾ ਕਿਵੇਂ ਪਾਲਨ ਕਰ ਰਹੀ ਹੈ। ਘੱਟ ਗਿਣਤੀਆਂ ਵਿਰੁੱਧ ਹੋ ਰਹੀਆਂ ਜ਼ਿਆਦਤੀਆਂ ਬਾਰੇ ਕੀ ਕਾਰਵਾਈ ਕਰ ਰਹੀ ਹੈ।

ਇਨ੍ਹਾਂ ਸਖ਼ਤ ਸਵਾਲਾਂ ਦਾ ਭਾਰਤੀ ਪ੍ਰਤੀਨਿਧ ਤੁਸ਼ਾਰ ਕਪੂਰ ਨੇ ਜਵਾਬ ਦਿੰਦਿਆ ਕਿਹਾ ਕਿ ਭਾਰਤ ਵਿੱਚ ਸਭ ਅੱਛਾ ਹੈ, ਪਰ ਉਪਰੋਕਤ ਟਿੱਪਣੀਆਂ ਦਸਦੀਆਂ ਹਨ ਕਿ ਸਿਰਫ਼ ਭਾਰਤੀ ਹੀ ਨਹੀਂ ਪੂਰੀ ਦੁਨੀਆਂ ਜਾਣਦੀ ਹੈ ਕਿ ਭਾਰਤ ਵਿੱਚ ਘੱਟ ਗਿਣਤੀਆਂ ਨਾਲ ਕੀ ਵਾਪਰ ਰਿਹਾ ਹੈ ਤੇ ਮਨੁੱਖੀ ਅਧਿਕਾਰਾਂ ਦੀਆਂ ਕਿਵੇਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। 18 ਨਵੰਬਰ ਤੱਕ ਚੱਲਣ ਵਾਲੀ ਇਸ ਮੀਟਿੰਗ ਵਿੱਚ ਭਾਰਤ ਵੱਲੋਂ ਪੇਸ਼ ਕੀਤੀ ਗਈ ਰਾਸ਼ਟਰੀ ਰਿਪੋਰਟ ਦੀ ਵੀ ਪੜਤਾਲ ਕੀਤੀ ਜਾਵੇਗੀ।

ਸਮਾਜਵਾਦ ਹੀ ਸਾਡਾ ਭਵਿੱਖ ਹੈ, ਇਹ ਕੇਵਲ ਇਨਕਲਾਬ ਹੀ ਲਿਆ ਸਕਦੈ



ਪਵਨ ਕੁਮਾਰ ਕੌਸ਼ਲ

ਦਾਰਸ਼ਨਿਕਾਂ ਨੇ ਸੰਸਾਰ ਦੀ ਸਿਰਫ਼ ਵੱਖ-ਵੱਖ ਤਰੀਕਿਆਂ ਨਾਲ ਵਿਆਖਿਆ ਕੀਤੀ ਹੈ, ਜਦੋਂਕਿ ਨੁਕਤਾ, ਇਸ ਨੂੰ ਬਦਲਣ ਦਾ ਹੈ।

ਮਾਰਕਸ ਦਾ ਮੰਨਣਾ ਸੀ ਕਿ ਮਨੁੱਖੀ ਸਮਾਜ ਦੇ ਵਿਕਾਸ ਲਈ ਇਨਕਲਾਬ ਬੁਨਿਆਦੀ ਤੌਰ 'ਤੇ ਜ਼ਰੂਰੀ ਅਤੇ ਅਟੱਲ ਹੈ। ਉਸ ਨੇ ਆਸ ਕੀਤੀ ਕਿ ਆਖਰਕਾਰ ਸੰਸਾਰ ਦੇ ਮਜ਼ਦੂਰਾਂ ਨੂੰ ਇਹ ਅਹਿਸਾਸ ਹੋ ਜਾਵੇਗਾ ਕਿ ਉਹਨਾਂ ਕੋਲ ਗਵਾਉਣ ਲਈ ਕੁਝ ਵੀ ਨਹੀਂ ਹੈ, ਸਿਵਾਏ ਉਹਨਾਂ ਦੀਆਂ ਜੰਜ਼ੀਰਾਂ ਦੇ ਅਤੇ ਉਹਨਾਂ ਉਦਯੋਗਪਤੀਆਂ ਅਤੇ ਪੂੰਜੀਪਤੀਆਂ ਵਿਰੁੱਧ ਬਗਾਵਤ ਕਰਨਗੇ, ਜੋ ਉਹਨਾਂ ਦੇ ਜੀਵਨ ਨੂੰ ਗੁਪਤ ਰੂਪ ਵਿੱਚ ਕੰਟਰੋਲ ਕਰਦੇ ਹਨ।

ਭੌਤਿਕਵਾਦੀ ਸਿਧਾਂਤ ਮਨੁੱਖੀ ਹਾਲਤਾਂ ਅਤੇ ਪਾਲਣ-ਪੋਸ਼ਣ ਦੀ ਪੈਦਾਇਸ਼ ਹਨ ਅਤੇ ਇਹ ਕਿ ਇਸ ਲਈ ਬਦਲੇ ਹੋਏ ਮਨੁੱਖ ਬਦਲੇ ਹੋਏ ਹਾਲਾਤ ਅਤੇ ਬਦਲੇ ਹੋਏ ਪਾਲਣ-ਪੋਸ਼ਣ ਦੇ ਉਤਪਾਦ ਹਨ, ਇਹ ਭੁੱਲ ਜਾਂਦੇ ਹਨ ਕਿ ਇਹ ਮਨੁੱਖ ਹੀ ਹਨ, ਜੋ ਹਾਲਾਤ ਬਦਲਦੇ ਹਨ ਅਤੇ ਸਿੱਖਿਅਕ ਨੂੰ ਖੁਦ ਸਿੱਖਿਅਤ ਹੋਣਾ ਚਾਹੀਦਾ ਹੈ। ਇਸ ਲਈ ਇਹ ਸਿਧਾਂਤ ਸਮਾਜ ਨੂੰ ਦੋ ਹਿੱਸਿਆਂ ਵਿੱਚ ਵੰਡਣ ਲਈ ਪਾਬੰਦ ਹੈ, ਜਿਨ੍ਹਾਂ ਵਿੱਚੋਂ ਇੱਕ ਸਮਾਜ ਦੂਜੇ ਨਾਲੋਂ ਉੱਤਮ ਹੈ। ਪਰਿਸਥਿਤੀਆਂ ਦੇ ਬਦਲਣ ਅਤੇ ਮਨੁੱਖੀ ਗਤੀਵਿਧੀ ਜਾਂ ਸਵੈ-ਪਰਿਵਰਤਨ ਦੇ ਸੰਜੋਗ ਨੂੰ ਕੇਵਲ ਇਨਕਲਾਬੀ ਅਭਿਆਸ ਵਜੋਂ ਹੀ ਸਮਝਿਆ ਅਤੇ ਤਰਕਸ਼ੀਲ ਤੌਰ 'ਤੇ ਸਮਝਿਆ ਜਾ ਸਕਦਾ ਹੈ। (ਕਾਰਲ ਮਾਰਕਸ, ਫਿਊਰਬਾਕ 'ਤੇ ਗਿਆਰਾਂ ਥੀਸਿਸ)

ਇਸ ਦੇ ਆਧਾਰ 'ਤੇ, ਮਾਰਕਸ ਨੇ ਪੂੰਜੀਵਾਦ ਦੇ ਅਟੱਲ ਪਤਨ ਦੀ ਭਵਿੱਖਬਾਣੀ ਕੀਤੀ, ਜਿਸ ਨਾਲ ਮਜ਼ਦੂਰ-ਜਮਾਤ ਦਾ ਇਨਕਲਾਬ ਵੀ ਅਟੱਲ ਹੈ। ਉਹ ਸਥਿਤੀਆਂ ਜਿਨ੍ਹਾਂ ਦੇ ਅਧੀਨ ਲੋਕ ਰਹਿੰਦੇ ਹਨ ਉਹ ਸੰਸਾਰ ਨੂੰ ਦੇਖਣ ਅਤੇ ਸਮਝਣ ਦੇ ਤਰੀਕੇ ਨੂੰ ਡੂੰਘਾਈ ਨਾਲ ਰੂਪ ਦਿੰਦੇ ਹਨ।

ਮਾਰਕਸ ਦਾ ਇਤਿਹਾਸਕ ਪਦਾਰਥਵਾਦ ਦਾ ਸਿਧਾਂਤ ਦੱਸਦਾ ਹੈ ਕਿ ਸਾਰੀਆਂ ਵਸਤੂਆਂ, ਭਾਵੇਂ ਸਜੀਵ ਜਾਂ ਨਿਰਜੀਵ, ਨਿਰੰਤਰ ਤਬਦੀਲੀ ਦੇ ਅਧੀਨ ਹਨ। ਇਸ ਤਬਦੀਲੀ ਦੀ ਦਰ ਦਵੰਦਵਾਦ ਦੇ ਨਿਯਮਾਂ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ। ਮਾਰਕਸ ਦਾ ਕਹਿਣਾ ਹੈ ਕਿ ਸਮਾਜ ਦੀਆਂ ਪੈਦਾਵਾਰੀ ਤਾਕਤਾਂ ਦੇ ਨਵੇਂ ਵਿਕਾਸ ਪੈਦਾਵਾਰ ਦੇ ਮੌਜੂਦਾ ਸੰਬੰਧਾਂ ਨਾਲ ਟਕਰਾਅ ਵਿੱਚ ਆਏ ਹਨ।

ਇਤਿਹਾਸਕ ਪਦਾਰਥਵਾਦ ਦਾ ਇੱਕ ਪ੍ਰਮੁੱਖ ਸਿਧਾਂਤ ਇਹ ਹੈ ਕਿ ਭੌਤਿਕ ਸੰਸਾਰ ਸਮਾਜਿਕ ਤਰੱਕੀ ਦੀ ਚਾਲਕ ਸ਼ਕਤੀ ਹੈ, ਨਾ ਕਿ ਦੂਜੇ ਪਾਸੇ। ਇਸ ਤੋਂ ਇਲਾਵਾ ਸਮਾਜਕ ਪ੍ਰਣਾਲੀ ਨੂੰ ਬਦਲਣ ਅਤੇ ਉੱਚ ਵਰਗ ਨੂੰ ਸੱਤਾ ਤੋਂ ਬਰਖਾਸਤ ਕਰਨ ਦਾ ਇੱਕੋ-ਇੱਕ ਰਸਤਾ ਹਿੰਸਕ ਇਨਕਲਾਬ ਹੈ।

ਰਾਜਨੀਤਕ ਆਰਥਿਕਤਾ ਵਪਾਰ ਦੇ ਵਿਸਤਾਰ ਦੇ ਕੁਦਰਤੀ ਨਤੀਜੇ ਵਜੋਂ ਹੋਂਦ ਵਿੱਚ ਆਈ ਸੀ ਅਤੇ ਇਸ ਦੀ ਮੁੱਢਲੀ ਦਿੱਖ ਦੇ ਨਾਲ ਗੈਰ-ਵਿਗਿਆਨਕ ਭਾੜੇ ਦੇ ਟੱਟੂਆਂ/ ਹਾਕਸਟਰਿੰਗ ਨੂੰ ਲਾਇਸੰਸਸ਼ੁਦਾ ਧੋਖਾਧੜੀ ਦੀ ਇੱਕ ਵਿਕਸਤ ਪ੍ਰਣਾਲੀ ਦੁਆਰਾ ਬਦਲ ਦਿੱਤਾ ਗਿਆ ਸੀ, ਜੋ ਕਿ ਇੱਕ ਸੰਪੂਰਨ ਵਿਗਿਆਨ ਹੈ। ਅਸੀਂ ਦੁਨੀਆ ਦੇ ਆਪਣੇ ਸਿਧਾਂਤਾਂ ਤੋਂ ਬਾਹਰ ਦੁਨੀਆ ਲਈ ਨਵੇਂ ਸਿਧਾਂਤ ਵਿਕਸਤ ਕਰਦੇ ਹਾਂ। ਅਸੀਂ ਦੁਨੀਆਂ ਨੂੰ ਇਹ ਨਹੀਂ ਕਹਿੰਦੇ : ਆਪਣੇ ਸੰਘਰਸ਼ਾਂ ਨੂੰ ਬੰਦ ਕਰੋ, ਅਸੀਂ ਤੁਹਾਨੂੰ ਸੰਘਰਸ਼ ਦਾ ਉਚਿਤ ਨਾਅਰਾ ਦੇਵਾਂਗੇ।

ਜਿਸ ਗਤੀ ਨਾਲ ਇਤਿਹਾਸ ਅੱਗੇ ਵਧਦਾ ਹੈ ਅਤੇ ਇਸ ਦੇ ਨਾਲ ਪ੍ਰੋਲੇਤਾਰੀ ਦਾ ਸੰਘਰਸ਼ ਸਪੱਸ਼ਟ ਰੂਪਰੇਖਾ ਗ੍ਰਹਿਣ ਕਰਦਾ ਹੈ, ਉਹਨਾਂ ਨੂੰ ਹੁਣ ਆਪਣੇ ਮਨਾਂ ਵਿੱਚ ਵਿਗਿਆਨ ਦੀ ਖੋਜ ਕਰਨ ਦੀ ਲੋੜ ਨਹੀਂ। ਉਹਨਾਂ ਨੂੰ ਸਿਰਫ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਕੀ ਹੋ ਰਿਹਾ ਹੈ, ਨੂੰ ਧਿਆਨ ਵਿੱਚ ਰੱਖਣਾ ਹੈ ਅਤੇ ਇਸ ਦਾ ਧੁਰਾ ਬਣਨਾ ਹੈ। ਜਿੰਨਾ ਚਿਰ ਉਹ ਵਿਗਿਆਨ ਦੀ ਭਾਲ ਕਰਦੇ ਹਨ ਅਤੇ ਸਿਰਫ਼ ਸਿਸਟਮ/ਵਿਵਸਥਾ ਬਣਾਉਂਦੇ ਹਨ, ਜਿੰਨਾ ਚਿਰ ਉਹ ਸੰਘਰਸ਼ ਦੀ ਸ਼ੁਰੂਆਤ ਵਿੱਚ ਹੁੰਦੇ ਹਨ, ਉਨ੍ਹਾਂ ਨੂੰ ਗਰੀਬੀ ਵਿੱਚ ਗਰੀਬੀ ਤੋਂ ਇਲਾਵਾ ਕੁਝ ਨਹੀਂ ਦਿਖਾਈ ਦਿੰਦਾ, ਇਸ ਵਿੱਚ ਉਹ ਇਨਕਲਾਬੀ ਵਿਨਾਸ਼ਕਾਰੀ ਪੱਖ ਨਹੀਂ ਦੇਖਦੇ, ਜੋ ਪੁਰਾਣੇ ਸਮਾਜ ਨੂੰ ਉਖਾੜ ਸੁੱਟਦਾ ਹੈ। ਇਸ ਪਲ ਤੋਂ ਵਿਗਿਆਨ, ਜੋ ਕਿ ਇਤਿਹਾਸਕ ਲਹਿਰ ਦੀ ਉਪਜ ਹੈ, ਆਪਣੇ ਆਪ ਨੂੰ ਇਸ ਨਾਲ ਸੁਚੇਤ ਤੌਰ 'ਤੇ ਜੋੜ ਲਿਆ ਹੈ, ਸਿਧਾਂਤਕ ਹੋਣਾ ਬੰਦ ਕਰ ਦਿੱਤਾ ਹੈ ਅਤੇ ਇਨਕਲਾਬੀ ਬਣ ਗਿਆ ਹੈ।

ਸਾਰੀਆਂ ਪੈਦਾਵਾਰੀ ਸ਼ਕਤੀਆਂ ਦੇ ਵਿਕਸਤ ਹੋਣ ਤੋਂ ਪਹਿਲਾਂ ਕੋਈ ਵੀ ਸਮਾਜਕ ਵਿਵਸਥਾ ਕਦੇ ਵੀ ਖਤਮ ਨਹੀਂ ਹੁੰਦੀ ਹੈ ਅਤੇ ਪੈਦਾਵਾਰ ਦੇ ਨਵੇਂ, ਉੱਚੇ-ਸੁੱਚੇ ਸਬੰਧ ਸਮਾਜ ਦੀ ਕੁੱਖ ਵਿੱਚ ਆਪਣੀ ਹੋਂਦ ਦੀਆਂ ਪਦਾਰਥਕ ਸਥਿਤੀਆਂ ਦੇ ਪਰਿਪੱਕ ਹੋਣ ਤੋਂ ਪਹਿਲਾਂ ਕਦੇ ਪ੍ਰਗਟ ਨਹੀਂ ਹੁੰਦੇ। (ਪਰੀਫੇਸ ਟੂ ਕਰਿਟਿਕ ਆਫ ਪੋਲਿਟੀਕਲ ਇਕਾਨੋਮੀ- ਕੇ ਮਾਰਕਸ)

ਸਭ ਤੋਂ ਮਹੱਤਵਪੂਰਨ ਇਨਕਲਾਬ ਜਿਨ੍ਹਾਂ ਨੇ ਵਿਸ਼ਵ ਇਤਿਹਾਸ ਨੂੰ ਆਕਾਰ ਦਿੱਤਾ ਅਤੇ ਉਨ੍ਹਾਂ ਨੂੰ ਮਾਰਕਸਵਾਦੀ ਪੱਖ ਤੋਂ ਦੇਖਣਾ!

ਫਰਾਂਸੀਸੀ ਇਨਕਲਾਬ (1789-1799), ਜਰਮਨ ਦਾਰਸ਼ਨਿਕ ਅਤੇ ਅੰਤਰਰਾਸ਼ਟਰੀ ਕਮਿਊਨਿਜ਼ਮ ਦੇ ਸੰਸਥਾਪਕ ਕਾਰਲ ਮਾਰਕਸ (1818-83) ਨੇ ਫਰਾਂਸੀਸੀ ਕ੍ਰਾਂਤੀ ਬਾਰੇ ਕਈ ਮੌਕਿਆਂ 'ਤੇ ਲਿਖਿਆ, ਜਿਸ ਨੂੰ ਉਸ ਨੇ ਵਿਸ਼ਵਵਿਆਪੀ ਪ੍ਰੋਲੇਤਾਰੀ ਇਨਕਲਾਬ ਦਾ ਪਹਿਲਾ ਪੜਾਅ ਮੰਨਿਆ। ਮਾਰਕਸ ਨੇ ਫਰਾਂਸੀਸੀ ਇਨਕਲਾਬ ਨੂੰ 'ਬੁਰਜੂਆ ਇਨਕਲਾਬ' ਦੀ ਸ਼ਾਨਦਾਰ ਉਦਾਹਰਣ ਮੰਨਿਆ, ਜਿਸ ਵਿੱਚ ਸਰਮਾਏਦਾਰੀ ਨੇ ਜਗੀਰੂਵਾਦ ਨੂੰ ਉਖਾੜ ਦਿੱਤਾ, ਜਿਸ ਨਾਲ ਉਹ ਕਾਨੂੰਨੀ ਹਾਲਾਤ ਪੈਦਾ ਕੀਤੇ ਗਏ, ਜਿਸ ਦੇ ਤਹਿਤ ਪੂੰਜੀਵਾਦ ਵਧ ਸਕਦਾ ਸੀ। .

ਪੈਰਿਸ ਕਮਿਊਨ ਮਜ਼ਦੂਰ ਜਮਾਤ ਦੇ ਪੂਰੇ ਇਤਿਹਾਸ ਵਿੱਚ ਸਭ ਤੋਂ ਪ੍ਰੇਰਨਾਦਾਇਕ ਘਟਨਾਕ੍ਰਮ ਵਿੱਚੋਂ ਇੱਕ ਹੈ। 1871 ਵਿੱਚ ਕੁਝ ਹੀ ਹਫ਼ਤਿਆਂ ਵਿੱਚ ਦੁਸ਼ਮਣਾਂ ਨਾਲ ਘਿਰੇ ਪੈਰਿਸ ਦੇ ਕਿਰਤੀ ਮਰਦਾਂ ਅਤੇ ਔਰਤਾਂ ਨੇ ਹੁਸ਼ਿਆਰੀ ਨਾਲ ਦਿਖਾਇਆ ਕਿ ਮਜ਼ਦੂਰਾਂ ਲਈ ਪੂੰਜੀਪਤੀਆਂ, ਬੈਂਕਰਾਂ ਜਾਂ ਇੱਥੋਂ ਤੱਕ ਕਿ ਇੱਕ ਖੜ੍ਹੀ ਫੌਜ ਤੋਂ ਬਿਨਾਂ ਲੋਕਤੰਤਰੀ ਢੰਗ ਨਾਲ ਸਮਾਜ ਨੂੰ ਚਲਾਉਣਾ ਸੰਭਵ ਹੈ। ਪਹਿਲੀ ਵਾਰ ਇੱਕ ਸ਼ਹਿਰ ਤੱਕ ਸੀਮਤ ਹੋਣ ਦੇ ਬਾਵਜੂਦ ਅਸੀਂ ਪ੍ਰੋਲੇਤਾਰੀ ਨੂੰ ਹਾਕਮ ਜਮਾਤ ਦੇ ਰੂਪ ਵਿੱਚ ਸੁਚੇਤ ਤੌਰ 'ਤੇ ਸੰਗਠਿਤ ਹੁੰਦੇ ਦੇਖਦੇ ਹਾਂ।

18ਵੀਂ ਸਦੀ ਦੇ ਅਖੀਰ ਤੱਕ ਫ਼ਰਾਂਸ ਦੇ ਲੋਕ ਜ਼ਿਆਦਾਤਰ ਗ਼ੁਰਬਤ ਵਿੱਚ ਰਹਿ ਰਹੇ ਸਨ, ਸਾਰੇ ਅਮੀਰਾਂ ਨੂੰ ਛੱਡ ਕੇ ਜੋ ਆਲੀਸ਼ਾਨ ਅਤੇ ਮਹਿੰਗੀ ਜੀਵਨ ਸ਼ੈਲੀ ਵਿੱਚ ਰਹਿੰਦੇ ਸਨ। ਇੱਕ ਰਾਜਸ਼ਾਹੀ ਤੋਂ ਨਿਰਾਸ਼, ਜਿਸ ਨੇ ਭਾਰੀ ਟੈਕਸ ਇਕੱਠੇ ਕੀਤੇ, ਪਰ ਬਦਲੇ ਵਿੱਚ ਕੁਝ ਨਹੀਂ ਦਿੱਤਾ, ਨਾਗਰਿਕਾਂ ਨੇ ਰਾਜਾ ਪ੍ਰਤੀ ਆਪਣੀ ਵਿਆਪਕ ਅਸੰਤੁਸ਼ਟੀ ਵਿੱਚ ਬਦਲ ਦਿੱਤਾ। .1792 ਦੀਆਂ ਗਰਮੀਆਂ ਵਿੱਚ ਜੈਕੋਬਿਨਸ ਵਜੋਂ ਜਾਣੇ ਜਾਂਦੇ ਕੱਟੜਪੰਥੀਆਂ ਦੇ ਇੱਕ ਕਲੱਬ ਨੇ ਰਾਜੇ ਨੂੰ ਗ੍ਰਿਫਤਾਰ ਕਰ ਲਿਆ, ਜੋ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਨਾਲ ਨੈਸ਼ਨਲ ਕਨਵੈਨਸ਼ਨ ਪਹਿਲੀ ਫਰਾਂਸੀਸੀ ਗਣਰਾਜ ਦੀ ਸਥਾਪਨਾ ਹੋਈ।

ਚੀਨੀ ਇਨਕਲਾਬ (1911) ਅਸਫਲ ਯੁੱਧਾਂ ਦੀ ਇੱਕ ਲੜੀ ਦੇ ਕਾਰਨ ਕਿੰਗ ਰਾਜਵੰਸ਼ ਛੇਤੀ ਹੀ ਏਸ਼ੀਆ ਵਿੱਚ ਪ੍ਰਮੁੱਖਤਾ ਗੁਆ ਰਿਹਾ ਸੀ। ਦੇਸ਼-ਵਿਆਪੀ ਨਿਰਾਸ਼ਾ ਨੇ ਜਲਦੀ ਹੀ ਆਮ ਨਾਗਰਿਕਾਂ ਵਿੱਚ ਵਿਦਰੋਹੀ ਵਿਚਾਰਾਂ ਨੂੰ ਜਨਮ ਦਿੱਤਾ। ਨਤੀਜੇ ਵਜੋਂ 20ਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਸਾਮਰਾਜੀ ਪ੍ਰਣਾਲੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਵਿੱਚ ਇਨਕਲਾਬੀ ਗਠਜੋੜ ਦਾ ਗਠਨ ਕੀਤਾ ਗਿਆ।

1912 ਵਿੱਚ ਸਮਰਾਟ ਨੇ ਗੱਦੀ ਤਿਆਗ ਦਿੱਤੀ, ਜਿਸ ਨਾਲ ਸਾਮਰਾਜੀ ਪ੍ਰਣਾਲੀ ਅਤੇ ਕਿੰਗ ਰਾਜਵੰਸ਼ ਦੇ ਸਦੀਆਂ ਤੋਂ ਚੱਲੇ ਸ਼ਾਸਨ ਦਾ ਅੰਤ ਹੋ ਗਿਆ। ਗੱਲਬਾਤ ਕਰਨ ਤੋਂ ਬਾਅਦ ਯੁਆਨ ਸ਼ਿਕਾਈ ਗਣਤੰਤਰ ਦੇ ਗਠਨ ਲਈ ਸਹਿਮਤ ਹੋ ਗਿਆ ਜਦੋਂ ਤੱਕ ਕਿ ਉਸ ਨੂੰ ਪਹਿਲਾ ਅਧਿਕਾਰਤ ਰਾਸ਼ਟਰਪਤੀ ਨਾਮਜ਼ਦ ਕੀਤਾ ਗਿਆ ਸੀ। 1911 ਦੀ ਕ੍ਰਾਂਤੀ ਚੀਨੀ ਇਤਿਹਾਸ ਵਿੱਚ ਇੱਕ ਨਾਜ਼ੁਕ ਪਲ ਸੀ, ਕਿਉਂਕਿ ਇਸ ਨੇ 1949 ਵਿੱਚ ਚੀਨੀ ਕਮਿਊਨਿਸਟ ਕ੍ਰਾਂਤੀ ਲਈ ਰਾਹ ਪੱਧਰਾ ਕੀਤਾ। ਇੱਕ ਵਿਦਰੋਹ, ਜਿਸ ਨੇ ਮਾਓ ਜ਼ੇ-ਤੁੰਗ ਦੇ ਸ਼ਾਸਨ ਅਧੀਨ ਚੀਨ ਦੀ ਪੀਪਲਜ਼ ਰਿਪਬਲਿਕ ਦੀ ਸਥਾਪਨਾ ਕੀਤੀ।

ਰੂਸੀ ਇਨਕਲਾਬ (1917), 20ਵੀਂ ਸਦੀ ਦੀ ਸ਼ੁਰੂਆਤ ਤੱਕ, ਰੂਸ ਯੂਰਪ ਦੇ ਸਭ ਤੋਂ ਘੱਟ ਵਿਕਸਤ ਅਤੇ ਗਰੀਬ ਦੇਸ਼ਾਂ ਵਿੱਚੋਂ ਇੱਕ ਸੀ। ਆਪਣੇ ਦੇਸ਼ ਦੇ ਰਾਜਾ ਦੇ ਕਾਰਨ ਸੰਘਰਸ਼ ਕਰਦੇ ਹੋਏ ਮਜ਼ਦੂਰਾਂ ਨੇ 1905 ਵਿੱਚ ਰਾਜਸ਼ਾਹੀ ਦੇ ਖਿਲਾਫ ਵਿਰੋਧ ਪ੍ਰਦਰ

15-NOV-PAGE-5.qxd 11/14/2022 10:10 PM Page 1

ਮੁੱਖ ਮੰਤਰੀ ਦੀ ਕੋਠੀ ਦਾ ਆਂਗਨਵਾੜੀ ਵਰਕਰਾਂ ਹੈਲਪਰਾਂ ਵੱਲੋਂ ਘਿਰਾਓ

ਸੰਗਰੂਰ (ਪ੍ਰਵੀਨ ਸਿੰਘ)-ਪੰਜਾਬ ਦੇ ਕੋਨੇ ਕੋਨੇ ਤੋਂ ਆਕਾਸ਼ ਗੁੰਜਾਊ ਨਾਅਰਿਆਂ ਨਾਲ ਪੰਜਾਬ ਸਰਕਾਰ ਵੱਲੋਂ ਕੀਤੇ ਵਾਅਦਿਆਂ ਦਾ ਜਵਾਬ ਮੰਗਣ ਲਈ ਸੰਗਰੂਰ ਵਿਖੇ ਸੂਬਾ ਪ੍ਰਧਾਨ ਹਰਜੀਤ ਕੌਰ ਪੰਜੋਲਾ ਦੀ ਅਗਵਾਈ ਵਿੱਚ ਆਂਗਨਵਾੜੀ ਵਰਕਰਾਂ ਹੈਲਪਰਾਂ ਨੇ ਆਪਣੀ ਹੱਕੀ ਆਵਾਜ਼ ਨੂੰ ਪੰਜਾਬ ਸਰਕਾਰ ਦੇ ਕੰਨਾਂ ਤੱਕ ਪਹੁੰਚਾਉਣ ਲਈ ਬਾਲ ਦਿਵਸ ਮੌਕੇ 15 ਹਜ਼ਾਰ ਤੋਂ ਵੱਧ ਵਰਕਰਾਂ ਹੈਲਪਰਾਂ ਰੋਸ ਪ੍ਰਗਟ ਕਰਦੇ ਹੋਈ ਜਵਾਬ ਮੰਗਣ ਲਈ ਮੁੱਖ ਮੰਤਰੀ ਦੇ ਨਿਵਾਸ 'ਤੇ ਪਹੁੰਚੀਆਂ। ਅੱਜ ਦੀ ਇਸ ਜੁਆਬ ਮੰਗ ਰੈਲੀ ਨੂੰ ਸੰਬੋਧਨ ਕਰਨ ਲਈ ਆਲ ਇੰਡੀਆ ਫੈਡਰੇਸ਼ਨ ਆਫ਼ ਆਂਗਨਵਾੜੀ ਵਰਕਰ ਹੈਲਪਰ ਦੇ ਕੌਮੀ ਪ੍ਰਧਾਨ ਸ੍ਰੀਮਤੀ ਊਸ਼ਾ ਰਾਣੀ ਤੇ ਜਨਰਲ ਸਕੱਤਰ ਏ ਆਰ ਸਿੰਧੂ ਉਚੇਚੇ ਤੌਰ 'ਤੇ ਸ਼ਾਮਲ ਹੋਏ। ਰੈਲੀ ਨੂੰ ਸੰਬੋਧਨ ਕਰਦੇ ਹੋਏ ਕੌਮੀ ਜਨਰਲ ਸਕੱਤਰ ਏ ਆਰ ਸਿੰਧੂ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਤੇ ਕਾਰਪੋਰੇਟ ਪੱਖੀ ਨੀਤੀਆਂ ਕਿਸੇ ਤੋਂ ਵੀ ਅੱਜ ਲੁਕੀਆਂ ਨਹੀਂ ਰਹੀਆਂ। ਕੇਂਦਰ ਦੀ ਮੋਦੀ ਦੀ ਅਗਵਾਈ ਵਾਲੀ ਬੀਜੇਪੀ ਸਰਕਾਰ ਨੇ ਦੇਸ਼ ਦੀ ਸੰਪਤੀ ਨੂੰ ਨਿੱਜੀ ਸੰਪਤੀ ਦੀ ਤਰ੍ਹਾਂ ਕਾਰਪੋਰੇਟ ਘਰਾਣਿਆਂ ਨੂੰ ਵੇਚ ਦਿੱਤਾ ਹੈ। ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੀ ਮੋਦੀ ਸਰਕਾਰ ਅਜ਼ਾਦੀ ਦੇ 75ਵੇਂ ਸਾਲ ਵਿੱਚ 'ਅੰਮ੍ਰਿਤਕਾਲ' ਵਿੱਚ ਗਲੋਬਲ ਹੰਗਰ ਇੰਡੈਕਸ/ਗਲੋਬਲ ਹੰਗਰ ਇੰਡੈਕਸ 2022 ਵਿਚ ਦੇਸ਼ ਭੁੱਖਮਰੀ ਤੇ ਕੁਪੋਸ਼ਣ ਵਜੋਂ 121ਵੇਂ ਸਥਾਨ ਤੋਂ ਸਰਕ ਕੇ 107ਵੇਂ ਤੇ ਆ ਪਹੁੰਚਿਆ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਦਾ ਬਿਆਨ ਰਾਸ਼ਨ ਦੀ ਥਾਂ ਭਜਨ ਕਰਨਾ ਤੇ ਪੂਜਾ ਦਾ ਪ੍ਰਚਾਰ ਵੀ ਸਿਹਤ ਅਤੇ ਵਿਗਿਆਨਿਕ ਪੱਖ ਨੂੰ ਢਾਅ ਦੇਣ ਵਾਲਾ ਹੈ। ਲਗਾਤਾਰ ਬਜਟ ਵਿੱਚ ਕਟੌਤੀ ਕਰਨਾ ਬਜਟ ਵਿੱਚ ਕੋਈ ਵਾਧਾ ਨਾ ਕਰਨਾ ਅਤੇ ਸਮੇਂ ਸਿਰ ਬਜਟ ਨਾ ਦੇਣਾ ਸਰਕਾਰ ਦੀ ਨੀਅਤ ਨੂੰ ਸਪੱਸ਼ਟ ਕਰਦਾ ਹੈ।

ਕੌਮੀ ਪ੍ਰਧਾਨ ਊਸ਼ਾ ਰਾਣੀ ਵੱਲੋਂ ਜਵਾਬ ਮੰਗ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਿਹਤ ਤੇ ਸਿੱਖਿਆ ਨੂੰ ਵੀ ਲਗਾਤਾਰ ਪ੍ਰਾਈਵੇਟ ਕੀਤਾ ਜਾ ਰਿਹਾ ਹੈ, ਜਿਸ ਦਾ ਨਤੀਜਾ ਪੰਜਾਬ ਵਿੱਚ ਤਿੰਨ ਜ਼ਿਲ੍ਹਿਆਂ ਦੀ ਆਂਗਨਵਾੜੀ ਕੇਂਦਰਾਂ ਦੇ ਬੱਚਿਆਂ ਨੂੰ ਦਿੱਤੀ ਜਾਣ ਵਾਲੀ ਖ਼ੁਰਾਕ ਨੂੰ ਐੱਨ.ਜੀ.ਓ. ਨੂੰ ਦੇਣਾ ਹੈ, ਵੇਦਾਂਤਾ ਵਰਗੇ ਕਾਰਪੋਰੇਟ ਦੇ ਐੱਨਜੀਓ ਦਾ ਦਖਲ ਵੀ ਦੇਖਣ ਨੂੰ ਮਿਲ ਰਿਹਾ ਹੈ। ਸੀਟੂ ਪੰਜਾਬ ਦੇ ਜਨਰਲ ਸਕੱਤਰ ਕਾਮਰੇਡ ਚੰਦਰ ਸ਼ੇਖਰ ਤੇ ਪ੍ਰਧਾਨ ਮਹਾਂ ਸਿੰਘ ਰੋੜੀ ਨੇ ਕਿਹਾ ਕਿ ਜਦੋਂ ਦੇਸ਼ ਦੇ ਚਾਰੇ ਪਾਸੇ ਭੁੱਖਮਰੀ ਬੇਰੁਜ਼ਗਾਰੀ ਫੈਲੀ ਹੋਈ ਹੈ, ਉਸ ਸਮੇਂ ਕੇਂਦਰ ਸਰਕਾਰ ਵੱਲੋਂ ਖਾਣ ਦੀਆਂ ਵਸਤੂਆਂ ਉੱਤੇ ਜੀਐੱਸਟੀ ਲਗਾਉਣਾ ਤੇ ਬਾਲ ਖ਼ੁਰਾਕ ਨੂੰ ਪੋਸ਼ਣ ਟਰੈਕ ਐਪ ਤੇ ਆਧਾਰ ਕਾਰਡ ਨਾਲ ਲਿੰਕ ਕਰਕੇ ਨਿਊਟ੍ਰੀਸ਼ਨ ਦੇਣਾ ਬੱਚਿਆਂ ਦੇ ਸੰਵਿਧਾਨਕ ਤੇ ਭੋਜਨ ਦੇ ਅਧਿਕਾਰ ਉੱਤੇ ਡਾਕਾ ਹੈ।

ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਸੁਭਾਸ਼ ਰਾਣੀ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਨਾਰੀ ਸਸ਼ਕਤੀਕਰਨ, ਪੀ ਐਮ ਐਮ ਵੀ ਵਾਈ, ਪੋਸ਼ਣ ਅਭਿਆਨ, ਬਾਲ ਮੇਲੇ ਵਰਗੇ ਪ੍ਰਚਾਰ ਕੀਤੇ ਜਾ ਰਹੇ ਹਨ, ਪਰ ਪਿਛਲੇ ਇਕ ਸਾਲ ਤੋਂ ਸਕੀਮ ਦੇ ਬਜਟ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਵਰਿੰਦਰ ਕੌਰ, ਗੁਰਮਿੰਦਰ ਕੌਰ, ਗੁਰਬਖਸ਼ ਕੌਰ, ਬਲਜੀਤ ਕੌਰ, ਗੁਰਪ੍ਰੀਤ ਕੌਰ, ਰਣਜੀਤ ਕੌਰ, ਪ੍ਰਤਿਭਾ ਸ਼ਰਮਾ, ਜਸਵਿੰਦਰ ਕੌਰ ਨੀਲੋਵਾਲ ਹਾਜ਼ਰ ਸਨ।

ਬਿਜਲੀ ਕਾਮਿਆਂ ਵੱਲੋਂ ਧਰਨਾ, ਜ਼ਿਲ੍ਹਾ ਪ੍ਰਸ਼ਾਸਨ ਦੀ ਫੂਕੀ ਅਰਥੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ/.ਪੀ.ਐਸ.ਟੀ.ਸੀ.ਐਲ. ਸ੍ਰੀ ਮੁਕਤਸਰ ਸਾਹਿਬ ਦੀਆਂ ਪ੍ਰਮੁੱਖ ਜਥੇਬੰਦੀਆਂ ਜੇ.ਈ. ਕੌਂਸਿਲ, ਮਨਿਸਟਰੀਅਸਲ ਸਰਵਿਸਜ਼ ਯੂਨੀਅਨ, ਟੀ.ਐਸ.ਯੂ. ਪੀ.ਐਸ.ਈ.ਬੀ. ਇੰਪਲਾਈਜ ਫੈਡਰੇਸ਼ਨ, ਟੀ.ਐਸ.ਯੂ. (ਭੰਗਲ) ਦੇ ਸੱਦੇ ਤੇ 7 ਨਵੰਬਰ 2022 ਤੇ ਚੱਲ ਰਹੇ ਲੜੀਵਾਰ ਧਰਨੇ ਦੀ ਲਗਾਤਾਰਤਾ ਵਿੱਚ ਸੋਮਵਾਰ ਨੂੰ ਵੀ ਵੰਡ ਹਲਕਾ ਸ੍ਰੀ ਮੁਕਤਸਰ ਸਾਹਿਬ ਦੇ ਦਫਤਰ ਅੱਗੇ ਜ਼ਬਰਦਸਤ ਧਰਨਾ ਦਿੱਤਾ ਗਿਆ ਅਤੇ ਨਾਲ ਹੀ ਜ਼ਿਲ੍ਹਾ ਪ੍ਰਸ਼ਾਸਨ ਦੀ ਅਰਥੀ ਵੀ ਫੂਕੀ ਗਈ। ਇਸ ਪ੍ਰੋਗਰਾਮ ਨੂੰ ਬੁਲਾਰਿਆਂ ਨੇ ਸੰਬੋਧਨ ਕਰਦੇ ਹੋਏ ਆਪਣਾ ਗੁੱਸਾ ਜਾਹਰ ਕੀਤਾ ਤੇ ਸਖਤ ਸ਼ਬਦਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਤੇ ਪਾਵਰਕਾਮ ਦੀ ਮੈਨੇਜਮੈਂਟ ਦੀ ਨਿਖੇਧੀ ਵੀ ਕੀਤੀ ਗਈ ਅਤੇ ਨਾਲ ਹੀ ਪਾਵਰਕਾਮ ਮੈਨੇਜਮੈਂਟ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਇਹ ਸਿੱਧੇ ਤੌਰ 'ਤੇ ਸੰਬੋਧਨ ਕਰਕੇ ਕਿਹਾ ਗਿਆ ਕੇ ਜਿੰਨੀ ਦੇਰ ਤੱਕ ਇਹ ਵਾਧੂ ਡਿਊਟੀਆਂ ਨਹੀਂ ਕੱਟੀਆਂ ਜਾਂਦੀਆਂ ਹਨ, ਉਨੀ ਦੇਰ ਤੱਕ ਇਹ ਧਰਨਾ ਲਗਾਤਾਰ ਜਾਰੀ ਰਹੇਗਾ ਅਤੇ ਇਸ ਪ੍ਰੋਗਰਾਮ ਨੂੰ ਹੋਰ ਵੀ ਤਿੱਖਾ ਕਰਦੇ ਹੋਏ ਸਰਕਲ ਪੱਧਰ 'ਤੇ ਲਿਜਾ ਕੇ ਸੰਘਰਸ਼ ਹੋਰ ਵੀ ਵਿਸ਼ਾਲ ਕੀਤਾ ਜਾਵੇਗਾ। ਇਸ ਸੰਘਰਸ਼ ਕਰਕੇ ਕਿਸੇ ਵੀ ਤਰ੍ਹਾਂ ਦੀ ਪਬਲਿਕ ਨੂੰ ਆਉਣ ਵਾਲੀ ਪ੍ਰੇਸ਼ਾਨੀ ਦੀ ਜ਼ਿੰਮੇਵਾਰੀ ਪਾਵਰਕਾਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ। ਇਸ ਧਰਨੇ ਨੂੰ ਗੁਰਮੀਤ ਸਿੰਘ ਏਏਈ ਪ੍ਰਧਾਨ, ਇੰਜ: ਸ਼ਮਿੰਦਰ ਸਿੰਘ ਜੇ.ਈ., ਗੁਰਦੀਪ ਸਿੰਘ, ਪ੍ਰੇਮ ਕੁਮਾਰ ਪ੍ਰਧਾਨ, ਦੇਸ ਰਾਜ, ਬਲਜੀਤ ਸਿੰਘ ਮੋਦਲਾ ਸਰਕਲ ਆਗੂ, ਬਸੰਤ ਸਿੰਘ, ਬੱਲਾ ਸਿੰਘ, ਗੁਰਾਦਿੱਤਾ ਸਿੰਘ, ਰਾਮੇਸ਼ਵਰ ਸਿੰਘ, ਬਰਜਿੰਦਰ ਸ਼ਰਮਾ ਸਟੇਟ ਆਗੂ, ਅਸ਼ੋਕ ਕੁਮਾਰ, ਸਮਸ਼ੇਰ ਸਿੰਘ, ਹਰਿਦਰਸਿੰਘ, ਬਲਜੀਤ ਸਿੰਘ, ਗੁਰਪ੍ਰੀਤ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਅਣਪਛਾਤੇ ਵਿਅਕਤੀਆਂ ਵੱਲੋਂ ਕਾਰੋਬਾਰੀ ਪਰਵਾਰ ਦੇ ਘਰ 'ਤੇ ਕੀਤੀ ਗੋਲੀਬਾਰੀ

ਫਾਇਰਿੰਗ ਦੇ ਵਿਰੋਧ 'ਚ ਤਲਵੰਡੀ ਭਾਈ ਦੇ ਕਾਰੋਬਾਰ ਪੂਰਨ ਤੌਰ 'ਤੇ ਰਹੇ ਬੰਦ

ਤਲਵੰਡੀ ਭਾਈ (ਬਹਾਦਰ ਸਿੰਘ ਭੁੱਲਰ)-ਇੱਥੋਂ ਦੇ ਇਕ ਕਾਰੋਬਾਰੀ ਪਰਿਵਾਰ ਦੇ ਘਰ ਦੇ ਗੇਟ ਉੱਪਰ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਬਾਰੀ ਕੀਤੇ ਜਾਣ ਤੇ ਗੈਂਗਸਟਰਾਂ ਵੱਲੋਂ ਮੋਟੀ ਫਿਰੌਤੀ ਦੇਣ ਅਤੇ ਜਾਨੋਂ ਮਾਰਨ ਦੀਆਂ ਮਿਲ ਰਹੀਆਂ ਧਮਕੀਆਂ ਦੇ ਵਿਰੋਧ ਵਿੱਚ ਅੱਜ ਤਲਵੰਡੀ ਭਾਈ ਮੁਕੰਮਲ ਤੌਰ 'ਤੇ ਬੰਦ ਰਿਹਾ। ਸ਼ਹਿਰ ਦੇ ਮੇਨ ਬਜ਼ਾਰ ਤੇ ਹੋਰ ਕਾਰੋਬਾਰੀ ਅਦਾਰੇ ਬੰਦ ਰਹੇ। ਇਸ ਘਟਨਾ ਨਾਲ ਸਥਾਨਕ ਲੋਕਾਂ ਅੰਦਰ ਸਹਿਮ ਹੈ।

ਇੱਥੇ ਦੱਸਣਯੋਗ ਹੈ ਕਿ ਸੁਨਿਆਰ ਦਾ ਕਾਰੋਬਾਰ ਕਰਨ ਵਾਲੇ ਭਗਵਾਨ ਸਿੰਘ ਚੌਹਾਨ ਵਾਸੀ ਨਵੀਂ ਆਬਾਦੀ ਤਲਵੰਡੀ ਭਾਈ ਦੇ ਪਰਿਵਾਰ ਨੂੰ ਅਣਪਛਾਤੇ ਵਿਅਕਤੀਆਂ ਵੱਲੋਂ ਫੋਨ 'ਤੇ ਧਮਕੀਆਂ ਦੇ ਕੇ ਫਿਰੌਤੀ ਮੰਗੀ ਜਾ ਰਹੀ ਹੈ, ਜਦਕਿ ਉਕਤ ਪਰਿਵਾਰ ਵੱਲੋਂ ਪੁਲਸ ਅਧਿਕਾਰੀਆਂ ਨੂੰ ਸੂਚਨਾ ਦਿੱਤੇ ਜਾਣ ਉਪਰੰਤ ਉਨ੍ਹਾਂ ਨੂੰ ਇਕ ਪੁਲਸ ਕਰਮਚਾਰੀ ਗੰਨਮੈਨ ਵਜੋਂ ਦਿੱਤਾ ਗਿਆ ਹੈ ਅਤੇ ਕੁਝ ਦਿਨ ਪਹਿਲਾਂ ਥਾਣਾ ਤਲਵੰਡੀ ਭਾਈ ਵਿਖੇ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਵੀ ਰਜਿਸਟਰਡ ਕੀਤਾ ਗਿਆ ਸੀ।

ਇਸ ਸਬੰਧੀ ਇਕੱਤਰ ਕੀਤੀ ਗਈ ਜਾਣਕਾਰੀ ਅਨੁਸਾਰ ਬੀਤੀ ਰਾਤ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਤਿੰਨ ਵਿਅਕਤੀ ਮਕਾਨ ਪਿੱਛੇ ਲੱਗਦੀ ਗਲੀ ਦੇ ਬਾਹਰ ਆਉਂਦੇ ਹਨ, ਜਿਨ੍ਹਾਂ 'ਚੋਂ ਇੱਕ ਵਿਅਕਤੀ ਗਲੀ ਦਾ ਗੇਟ ਟੱਪ ਕੇ ਗਲੀ ਵਿੱਚ ਪ੍ਰਵੇਸ਼ ਕਰਦਾ ਹੋਇਆ ਭਗਵੰਤ ਸਿੰਘ ਚੌਹਾਨ ਦੇ ਪੁੱਤਰ ਪਰਮਿੰਦਰ ਸਿੰਘ ਚੌਹਾਨ ਦੇ ਘਰ ਦੇ ਪਿਛਲੇ ਗੇਟ ਉੱਪਰ ਗੋਲੀਆਂ ਚਲਾ ਦਿੰਦਾ ਹੈ। ਉਕਤ ਵਿਅਕਤੀਆਂ ਵੱਲੋਂ ਪਿਸਤੌਲ ਨਾਲ ਚਲਾਈਆਂ ਗਈਆਂ ਦੋ ਗੋਲੀਆਂ ਗੇਟ ਵਿੱਚ ਲੱਗਦੀਆਂ ਹਨ, ਜਦਕਿ ਤੀਜੀ ਗੋਲੀ ਗੇਟ ਨੂੰ ਪਾਰ ਕਰਦੇ ਹੋਏ ਅੰਦਰ ਖੜੀ ਗੱਡੀ ਵਿੱਚ ਲੱਗ ਜਾਂਦੀ ਹੈ, ਜਿਸ ਉਪਰੰਤ ਉਕਤ ਅਣਪਛਾਤੇ ਵਿਅਕਤੀ ਫਰਾਰ ਹੋ ਗਏ। ਗੋਲੀਬਾਰੀ ਕਰਨ ਦੀ ਉਕਤ ਸਾਰੀ ਘਟਨਾਂ ਸੀ.ਸੀ.ਟੀ.ਵੀ. ਕੈਮਰੇ 'ਚ ਰਿਕਾਰਡ ਹੋਈ ਹੈ। ਪੁਲਸ ਵੱਲੋਂ ਕੋਈ ਠੋਸ ਕਾਰਵਾਈ ਨਾ ਹੁੰਦੀ ਦੇਖ ਅੱਜ ਤਲਵੰਡੀ ਭਾਈ ਦੀਆਂ ਵੱਖ ਵੱਖ ਕਾਰੋਬਾਰੀ ਜਥੇਬੰਦੀਆਂ ਨੇ ਸ਼ਹਿਰ ਨੂੰ ਮੁਕੰਮਲ ਬੰਦ ਰੱਖਣ ਦਾ ਫੈਸਲਾ ਕੀਤਾ ਸੀ, ਜਿਸ ਕਰਕੇ ਸ਼ਹਿਰ ਪੂਰੀ ਤਰ੍ਹਾਂ ਨਾਲ ਬੰਦ ਰਿਹਾ। ਇਸ ਤੋਂ ਇਲਾਵਾ ਸ਼ਹਿਰ ਵਾਸੀਆਂ ਨੇ ਸ਼ਹਿਰ ਦੇ ਮੇਨ ਚੌਕ 'ਤੇ ਰੋਸ ਧਰਨਾ ਵੀ ਦਿੱਤਾ ਤੇ ਟ੍ਰੈਫਿਕ ਜਾਮ ਵੀ ਕੀਤਾ ਗਿਆ। ਮੌਕੇ 'ਤੇ ਪੁੱਜੇ ਡੀ ਐੱਸ ਪੀ ਸੰਦੀਪ ਸਿੰਘ ਨੇ ਧਰਨਾਕਾਰੀਆਂ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਦੋਸ਼ੀ ਸਲਾਖਾਂ ਪਿੱਛੇ ਹੋਣਗੇ।

ਮਜ਼ਦੂਰਾਂ ਨੇ ਮੰਗਾਂ ਨਾ ਮੰਨਣ 'ਤੇ ਐੱਸ ਡੀ ਐੱਮ ਦਫ਼ਤਰ ਘੇਰਿਆ

ਸ਼ੋਅਰੂਮ ਦਾ ਲੈਂਟਰ ਡਿੱਗਣ ਨਾਲ ਮ੍ਰਿਤਕ ਮਜ਼ਦੂਰ ਦਾ ਚਾਰ ਦਿਨ ਬਾਅਦ ਵੀ ਨਹੀਂ ਕੀਤਾ ਸਸਕਾਰ

ਮੂਨਕ (ਰਾਜਪਾਲ ਸਿੰਗਲਾ)

ਪਿਛਲੇ ਦਿਨੀਂ ਨਜ਼ਦੀਕ ਪੈਂਦੇ ਪਿੰਡ ਸਲੇਮਗੜ੍ਹ ਵਿੱਚ ਪੈ ਰਹੇ ਇੱਕ ਸ਼ੋਅਰੂਮ ਦਾ ਲੈਂਟਰ ਡਿੱਗਣ ਨਾਲ ਇੱਕ ਮਜ਼ਦੂਰ ਦੀ ਮੌਤ ਤੇ ਪੰਜ ਜ਼ਖਮੀ ਹੋਏ ਸਨ, ਜਿਨ੍ਹਾਂ ਨੂੰ ਲੈ ਕੇ ਇਨਸਾਫ਼ ਦਿਵਾਉਣ ਲਈ ਖੇਤ ਮਜ਼ਦੂਰ ਸੂਬਾ ਪ੍ਰਧਾਨ ਹਰਭਗਵਾਨ ਸਿੰਘ ਮੂਨਕ ਦੀ ਅਗਵਾਈ ਹੇਠ ਐੱਸ ਡੀ ਐੱਮ ਦਫਤਰ ਮੂਨਕ ਵਿਖੇ ਧਰਨਾ ਚੱਲ ਰਿਹਾ ਸੀ, ਅੱਜ ਚਾਰ ਦਿਨ ਬੀਤ ਜਾਣ ਦੇ ਬਾਵਜੂਦ ਕੋਈ ਹੱਲ ਨਾ ਹੋਣ 'ਤੇ ਐੱਸ ਡੀ ਐੱਮ ਦਫ਼ਤਰ ਦੇ ਸਾਰੇ ਗੇਟ ਘੇਰ ਕੇ ਮੁਲਾਜ਼ਮ ਬੰਦੀ ਬਣਾ ਲਏ। ਇਸ ਮੌਕੇ ਉਨ੍ਹਾਂ ਨੇ ਧਰਨੇ ਵਿੱਚ ਬੈਠੇ ਮਜ਼ਦੂਰਾਂ ਨੂੰ ਬੋਲਦੇ ਕਿਹਾ ਕਿ ਜਦੋਂ ਤੱਕ ਮ੍ਰਿਤਕ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਤੇ ਦਸ ਲੱਖ ਰੁਪਏ ਦਾ ਮੁਆਵਜ਼ਾ ਅਤੇ ਕਰਜ਼ਾ ਮਾਫ ਤੇ ਇਸ ਦੇ ਨਾਲ ਹੀ ਜ਼ਖਮੀ ਮਜ਼ਦੂਰਾਂ ਦਾ ਇਲਾਜ ਪੰਜਾਬ ਸਰਕਾਰ ਨਹੀਂ ਕਰਦੀ, ਉਸ ਸਮੇਂ ਤੱਕ ਮ੍ਰਿਤਕ ਦੇ ਸਰੀਰ ਦਾ ਸਸਕਾਰ ਨਹੀਂ ਕੀਤਾ ਜਾਵੇਗਾ ਤੇ ਇਨਸਾਫ ਨਾ ਮਿਲਿਆ ਤਾਂ ਸੰਘਰਸ਼ ਨੂੰ ਹੋਰ ਵੀ ਤੇਜ਼ ਕੀਤਾ ਜਾ ਸਕਦਾ ਹੈ।

ਇਸ ਮੌਕੇ ਇਨ੍ਹਾਂ ਨਾਲ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਵੀ ਰਿਕੂ ਮੂਨਕ ਦੀ ਅਗਵਾਈ ਵਿੱਚ ਧਰਨੇ ਵਿੱਚ ਸ਼ਮੂਲੀਅਤ ਕੀਤੀ। ਇਸ ਦੇ ਨਾਲ ਹੀ ਕਿਸਾਨ ਆਗੂ ਰਿਕੂ ਨੇ ਧਰਨੇ ਵਿੱਚ ਬੈਠੇ ਮਜ਼ਦੂਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇੱਥੋਂ ਦੇ ਸਿਵਲ ਪ੍ਰਸ਼ਾਸਨ ਨੇ ਇਨ੍ਹਾਂ ਗਰੀਬ ਮਜ਼ਦੂਰਾਂ ਨੂੰ ਸਹਾਰਾ ਦੇਣ ਦੀ ਬਜਾਏ ਕੋਈ ਗੱਲ ਤੱਕ ਨਹੀਂ ਸੁਣ ਰਹੇ, ਜਦੋਂਕਿ ਇੱਥੋਂ ਦੇ ਸਿਵਲ ਪ੍ਰਸ਼ਾਸਨ ਨੂੰ ਚਾਹੀਦਾ ਸੀ ਕਿ ਮ੍ਰਿਤਕ ਬਣਦਾ ਮੁਆਵਜ਼ਾ ਅਤੇ ਗੰਭੀਰ ਜ਼ਖਮੀ ਹੋਏ ਮਜ਼ਦੂਰਾਂ ਦਾ ਇਲਾਜ ਕਰਾਵੇ।

ਅਰੋੜਾ ਬਰਾਦਰੀ ਵੱਲੋਂ ਨਵਜੰਮੀ ਬੱਚੀ ਨੂੰ 1100 ਰੁਪਏ ਤੇ ਘਰੇਲੂ ਸਾਮਾਨ ਦੇਣ ਦਾ ਐਲਾਨ

ਜ਼ੀਰਾ (ਨਰਿੰਦਰ ਅਨੇਜਾ)-ਬੇਸ਼ੱਕ ਆਪਣੇ ਸਮਾਜ ਵਿੱਚ ਲੜਕੀਆਂ ਨਾਲੋਂ ਲੜਕਿਆਂ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ, ਪਰ ਅੱਜ ਦੇ ਯੁੱਗ ਵਿੱਚ ਲੜਕੀਆਂ ਵੀ ਲੜਕਿਆਂ ਨਾਲੋਂ ਕਿਸੇ ਤਰ੍ਹਾਂ ਘੱਟ ਨਹੀਂ ਹਨ। ਪੜ੍ਹਾਈ, ਖੇਡਾਂ ਵਿੱਚ ਮੱਲਾਂ ਮਾਰ ਰਹੀਆਂ ਹਨ, ਚੰਦ ਗ੍ਰਹਿ 'ਤੇ ਪਹੁੰਚ ਗਈਆਂ ਹਨ, ਦੇਸ਼ ਦੀ ਸੁਰੱਖਿਆ ਵਿੱਚ ਵੀ ਅਹਿਮ ਯੋਗਦਾਨ ਪਾ ਰਹੀਆਂ ਹਨ। ਹਰ ਖੇਤਰ ਵਿੱਚ ਆਪਣਾ ਨਾਂਅ ਉੱਚਾ ਕਰ ਰਹੀਆਂ ਹਨ। ਉਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਅਰੋੜਾ ਬਰਾਦਰੀ ਦੇ ਪ੍ਰਧਾਨ ਅਸ਼ੋਕ ਕਬੂਰੀਆ ਨੇ ਕਿਹਾ ਕਿ ਅਰੋੜਾ ਬਿਰਾਦਰੀ ਨੇ ਇੱਕ ਨਵੀਂ ਪਿਰਤ ਚਲਾਈ ਹੈ, ਜਿਸ ਤਹਿਤ (ਨਵਜੰਮੀ ਲੜਕੀ ਦੇ ਮਾਪਿਆਂ ਦੀ ਹੌਸਲਾ ਅਫਜ਼ਾਈ ਲਈ) ਜੋ ਵੀ ਸਰਕਾਰੀ ਹਸਪਤਾਲ ਵਿੱਚ ਲੜਕੀ ਜਨਮ ਲਵੇਗੀ, ਉਸ ਨੂੰ 1100 ਰੁਪਏ ਸ਼ਗਨ ਤੇ ਪਰਿਵਾਰ ਨੂੰ ਉਸ ਲੜਕੀ ਦਾ ਸਾਰਾ ਘਰੇਲੂ ਸਾਮਾਨ ਦਿੱਤਾ ਜਾਵੇਗਾ, ਜਿਵੇਂ ਨਵੇਂ ਜੰਮੇ ਲੜਕੇ ਨੂੰ ਮਠਿਆਈ ਦੇ ਡੱਬਾ ਨਾਲ ਮੂੰਹ ਮਿੱਠਾ ਕਰਵਾਉਂਦੇ ਹਨ, ਉਸੇ ਤਰ੍ਹਾਂ ਹੀ ਨਵਜੰਮੀ ਲੜਕੀ ਦੇ ਮਾਪਿਆਂ ਨੂੰ ਵੀ ਇੱਕ ਮਠਿਆਈ ਦਾ ਡੱਬਾ ਦੇ ਕੇ ਮੂੰਹ ਮਿੱਠਾ ਕਰਵਾਇਆ ਜਾਂਦਾ ਹੈ। ਅਰੋੜਾ ਬਿਰਾਦਰੀ ਦੇ ਪ੍ਰਧਾਨ ਅਸ਼ੋਕ ਕਬੂਰੀਆ ਨੇ ਕਿਹਾ ਕਿ ਲੜਕੀਆਂ ਨਾਲ ਨਫਰਤ ਕਰਨ ਵਾਲਿਆਂ ਨੂੰ ਸੰਦੇਸ਼ ਦੇਣਾ ਚਾਹੁੰਦੇ ਹਾਂ, ਕਿਉਂਕਿ ਕਈ ਲੋਕ ਲੜਕੀ ਪੈਦਾ ਹੋਣ 'ਤੇ ਆਪਣਾ ਮਨ ਦੁਖੀ ਜਿਹਾ ਕਰ ਲੈਂਦੇ ਹਨ, ਉਹ ਦੁਖੀ ਹੋਣ ਦੀ ਬਜਾਏ ਖ਼ੁਸ਼ ਹੋਣ। ਇਸ ਸਮੇਂ ਪਿੰਦਰ ਅਰੋੜਾ, ਰਣਜੀਤ ਬਜਾਜ, ਖਜ਼ਾਨਚੀ ਮਾਸਟਰ ਅਜੀਤਪਾਲ ਸਿੰਘ, ਪਵਨ ਲੱਲੀ ਆਦਿ ਹ

page-6-15-Nov.-2022-(SM).qxd 11/14/2022 10:30 PM Page 1

ਮੁੜ ਪ੍ਰਧਾਨ ਬਣਨ ਮਗਰੋਂ ਧਾਮੀ ਵੱਲੋਂ ਸੰਸਥਾ ਦੇ ਮੁਲਾਜ਼ਮਾਂ ਨਾਲ ਪਲੇਠੀ ਇਕੱਤਰਤਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੜ ਪ੍ਰਧਾਨ ਬਣਨ ਮਗਰੋਂ ਪਹਿਲੀ ਵਾਰ ਸ਼੍ਰੋਮਣੀ ਕਮੇਟੀ ਦਫ਼ਤਰ ਪੁੱਜੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁਲਾਜ਼ਮਾਂ ਨਾਲ ਇਕੱਤਰਤਾ ਕਰਕੇ ਆਪੋ ਆਪਣੀ ਜ਼ੁੰਮੇਵਾਰੀ ਸੰਸਥਾ ਦੀਆਂ ਰਵਾਇਤਾਂ ਅਤੇ ਮੌਜੂਦਾ ਸਮੇਂ ਦੀਆਂ ਤਰਜੀਹਾਂ ਅਨੁਸਾਰ ਨਿਭਾਉਣ ਦੀ ਪ੍ਰੇਰਣਾ ਕੀਤੀ। ਇਥੇ ਸਥਿਤ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਤੇਜਾ ਸਿੰਘ ਸਮੁੰਦਰੀ ਹਾਲ 'ਚ ਮੁਲਾਜ਼ਮਾਂ ਨੂੰ ਸੰਬੋਧਨ ਹੁੰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਸਥਾਪਨਾ 102 ਸਾਲ ਪਹਿਲਾਂ ਹੋਈ ਸੀ ਅਤੇ ਆਪਣੇ ਇਸ ਇਕ ਸਦੀ ਦੇ ਸਫਰ ਦੌਰਾਨ ਸੰਸਥਾ ਨੇ ਗੁਰੂ ਘਰਾਂ ਦਾ ਪ੍ਰਬੰਧ ਪੰਥਕ ਮਰਯਾਦਾ ਅਨੁਸਾਰ ਚਲਾਉਣ ਦੇ ਨਾਲ-ਨਾਲ ਵੱਡੇ ਕੌਮੀ ਕਾਰਜ ਕੀਤੇ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਇਸ ਮਾਣਮੱਤੀ ਸੰਸਥਾ ਦੇ ਮੁੱਖ ਸੇਵਾਦਾਰ ਦੀ ਜ਼ੁੰਮੇਵਾਰੀ ਬਹੁਤ ਵੱਡੀ ਅਤੇ ਅਹਿਮ ਹੈ, ਜਿਸ ਨੂੰ ਸਿੱਖ ਸੰਸਥਾਵਾਂ, ਜਥੇਬੰਦੀਆਂ ਅਤੇ ਮੁਲਾਜਮਾਂ ਦੇ ਸਹਿਯੋਗ ਨਾਲ ਹੀ ਸਫਲਤਾਪੂਰਵਕ ਨਿਭਾਇਆ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ ਮੌਜੂਦਾ ਦੌਰ ਦੀਆਂ ਚੁਣੌਤੀਆਂ ਵੀ ਘੱਟ ਨਹੀਂ ਹਨ ਅਤੇ ਸਾਡਾ ਸਭ ਦਾ ਫਰਜ਼ ਹੈ ਕਿ ਕੌਮ ਦੀ ਚੜ੍ਹਦੀ ਕਲਾ ਲਈ ਇਕਜੁੱਟ ਹੋ ਕੇ ਅੱਗੇ ਵਧਿਆ ਜਾਵੇ। ਇਸ ਮੌਕੇ ਐਡਵੋਕੇਟ ਧਾਮੀ ਨੇ ਸਿੱਖ ਮਸਲਿਆਂ ਵਿਚ ਸਰਕਾਰੀ ਦਖਲ ਦੀ ਗੱਲ ਕਰਦਿਆਂ ਕਿਹਾ ਕਿ ਇਹ ਬੇਹੱਦ ਸੁਚੇਤ ਹੋ ਕੇ ਚਲਣ ਦਾ ਸਮਾਂ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਮੁਲਾਜਮਾਂ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਡਿਊਟੀ ਕਰਨ ਲਈ ਪ੍ਰੇਰਤ ਕਰਦਿਆਂ ਕਿਹਾ ਕਿ ਸਿੱਖੀ ਦੇ ਪ੍ਰਚਾਰ ਲਈ ਆਪੋ-ਆਪਣੇ ਪਿੰਡਾਂ ਵਿਚ ਵੀ ਉਚੇਚੇ ਯਤਨ ਕਰਨ ਦੀ ਪਹਿਲਕਦਮੀ ਕੀਤੀ ਜਾਵੇ। ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਤੋਂ ਪਹਿਲਾਂ ਦਫ਼ਤਰ ਪਹੁੰਚਣ 'ਤੇ ਐਡਵੋਕੇਟ ਧਾਮੀ ਦਾ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਅਤੇ ਅਧਿਕਾਰੀਆਂ ਨੇ ਭਰਵਾਂ ਸਵਾਗਤ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਗੁਰਨਾਮ ਸਿੰਘ ਜੱਸਲ, ਫੁੰਮਣ ਸਿੰਘ, ਬਾਬਾ ਬੂਟਾ ਸਿੰਘ, ਭਾਈ ਮਨਜੀਤ ਸਿੰਘ, ਹਰਜਾਪ ਸਿੰਘ ਸੁਲਤਾਨਵਿੰਡ, ਸਤਵਿੰਦਰ ਸਿੰਘ ਟੌਹੜਾ, ਬਾਬਾ ਸੁਖਵਿੰਦਰ ਸਿੰਘ ਅਗਵਾਨ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ, ਵਧੀਕ ਸਕੱਤਰ ਪਰਮਜੀਤ ਸਿੰਘ ਸਰੋਆ, ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਹਰਜੀਤ ਸਿੰਘ ਲਾਲੂਘੁੰਮਣ, ਗੁਰਮੀਤ ਸਿੰਘ ਬੁੱਟਰ, ਮੀਤ ਸਕੱਤਰ ਹਰਜਿੰਦਰ ਸਿੰਘ ਕੈਰੋਂਵਾਲ, ਗੁਰਚਰਨ ਸਿੰਘ ਕੁਹਾਲਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਸੁਖਰਾਜ ਸਿੰਘ, ਇੰਚਾਰਜ ਸ਼ਾਹਬਾਜ ਸਿੰਘ, ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ, ਪਲਵਿੰਦਰ ਸਿੰਘ ਆਦਿ ਮੌਜੂਦ ਸਨ।

ਸਰਕਾਰੀ ਪ੍ਰਾਇਮਰੀ ਸਕੂਲ ਲੇਹਲ 'ਚ ਬਾਲ ਦਿਵਸ ਮਨਾਇਆ

ਧਾਰੀਵਾਲ/ਡੇਰਾ ਬਾਬਾ ਨਾਨਕ (ਮਨਦੀਪ ਸਿੰਘ ਵਿੱਕੀ/ਰਮੇਸ਼ ਸ਼ਰਮਾ)- ਅੱਜ ਇਥੇ ਸਰਕਾਰੀ ਪ੍ਰਾਇਮਰੀ ਸਕੂਲ ਲੇਹਲ ਵਿੱਚ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਦਿਆਂ ਸਕੂਲ ਦੇ ਮੁੱਖ ਅਧਿਆਪਕ ਸੁਖਵਿੰਦਰ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਬਾਲ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪ੍ਰੀ-ਪ੍ਰਾਇਮਰੀ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਸਜਾਵਟ ਕੀਤੀ ਗਈ ਤੇ ਗੁੱਡੀ ਘਰ, ਬੌਧਿਕ ਵਿਕਾਸ, ਰਚਨਾਤਮਕ ਵਿਕਾਸ, ਲਾਇਬ੍ਰੇਰੀ ਕਾਰਨਰ ਬਣਾਏ ਗਏ ਅਤੇ ਨਾਲ ਹੀ ਨਰਸਰੀ ਜਮਾਤ ਲਈ ਰਜਿਸਟ੍ਰੇਸ਼ਨ ਵੀ ਕੀਤੀ ਗਈ। ਇਸ ਸਮੇਂ ਬੱਚਿਆਂ ਦੇ ਭਾਸ਼ਣ ਮੁਕਾਬਲੇ, ਕਵਿਤਾ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਤੇ ਕਵਿਤਾਵਾਂ ਸੁਣਾਈਆਂ। ਵਿਦਿਆਰਣਾਂ ਨੇ ਗਿੱਧਾ ਅਤੇ ਬੋਲੀਆਂ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ। ਇਸ ਮੌਕੇ ਸਾਰੇ ਵਿਦਿਆਰਥੀਆਂ ਨੂੰ ਲੱਡੂ ਵੀ ਵੰਡੇ ਗਏ। ਇਸ ਮੌਕੇ ਸਕੂਲ ਮੁਖੀ ਸੁਖਵਿੰਦਰ ਸਿੰਘ ਰੰਧਾਵ, ਰੁਪਿੰਦਰ ਕੌਰ, ਵਿਵੇਕ ਭਾਰਦਵਾਜ, ਮਨਿੰਦਰ ਕੌਰ, ਪ੍ਰਭਦੀਪ ਕੌਰ, ਨੀਲਮ, ਈਸ਼ਾ, ਸੁਖਜੀਤ ਕੌਰ, ਗੁਰਪ੍ਰੀਤ ਕੌਰ, ਰਜਨੀ, ਆਂਗਨਵਾੜੀ ਵਰਕਰ ਤੇ ਹੈਲਪਰ, ਮਿਡ-ਡੇ-ਮੀਲ ਵਰਕਰ ਅਤੇ ਐੱਸ. ਐਮ. ਸੀ. ਦੇ ਮੈਂਬਰਾਂ ਸਮੇਤ ਵਿਦਿਆਰਥੀਆਂ ਦੇ ਮਾਪੇ ਵੀ ਹਾਜ਼ਰ ਸਨ।

ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਕੈਰੋਲਿਨ ਰੋਵੇਟ ਨੇ ਧਾਮੀ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਕੈਰੋਲਿਨ ਰੋਵੇਟ ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕੀਤੀ। ਉਹ ਕੁਝ ਮਹੀਨੇ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਪੁੱਜੇ ਬ੍ਰਿਟਿਸ਼ ਹਾਈ ਕਮਿਸ਼ਨਰ ਅਲੈਗਜ਼ੈਂਡਰ ਏਲਿਸ ਦੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਵਿਸ਼ੇਸ਼ ਸਵਾਗਤ ਅਤੇ ਸਨਮਾਨ ਲਈ ਧੰਨਵਾਦ ਕਰਨ ਆਏ ਸਨ।

ਐਡਵੋਕੇਟ ਧਾਮੀ ਨਾਲ ਮੁਲਾਕਾਤ ਦੌਰਾਨ ਗੱਲਬਾਤ ਕਰਦਿਆਂ ਕੈਰੋਲਿਨ ਰੋਵੇਟ ਨੇ ਜਿਥੇ ਸਿੱਖਾਂ ਵੱਲੋਂ ਯੂਕੇ ਦੀ ਤਰੱਕੀ ਲਈ ਪਾਏ ਜਾਂਦੇ ਯੋਗਦਾਨ ਦੀ ਸ਼ਲਾਘਾ ਕੀਤੀ, ਉਥੇ ਹੀ ਜਲਦ ਹੀ ਬ੍ਰਿਟਿਸ਼ ਸਰਕਾਰ ਦੇ ਇਕ ਮੰਤਰੀ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪੁੱਜਣ ਦਾ ਖੁਲਾਸਾ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਵੱਖ-ਵੱਖ ਦੇਸ਼ਾਂ ਵਿਚ ਜਾ ਕੇ ਆਪਣੀ ਮਿਹਨਤ ਨਾਲ ਸਫਲਤਾ ਹਾਸਲ ਕੀਤੀ ਹੈ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਕਈ ਸਿੱਖ ਉਥੋਂ ਦੀਆਂ ਸਰਕਾਰਾਂ ਦਾ ਵੀ ਹਿੱਸਾ ਬਣੇ ਹੋਏ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਮੌਕੇ ਬ੍ਰਿਟਿਸ਼ ਡਿਪਟੀ ਹਾਈ ਕਮਿਸ਼ਨਰ ਕੈਰੋਲਿਨ ਰੋਵੇਟ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਫੁੰਮਣ ਸਿੰਘ, ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਦਫ਼ਤਰ ਇੰਚਾਰਜ ਸ਼ਾਹਬਾਜ ਸਿੰਘ ਮੌਜੂਦ ਸਨ।

Before the Distt Consumer Disputes Redressal Commission, SCO No. 100, Adjoing Hotel PR Residency, Block B, Ranjit Avenue, Amritsar

CC No. 102 of 2021 DCC/ASR/2182/22/7/11/22

Narinder Kumar Rampal S/o Sh. Swaran Dass Sharma aged 72 Years R/o 112-A/1, Rani Ka Bagh, Amritsar 98886-45844 (M) ...Complainant

Verses

1. Welkin Infratech Limited Registered Office at House No. HIG 37, Lajpat Rai Road , Mumford Ganj, Allahabad 211001 through its officer Incharage /Manager/Authorized officer.

2. Welkin Infratech Limited, Branch Office at 1st Floor, Lawrence Road, Opposite Ritu Ware, Amritsar-143001 through its officer Incharage /Manager/Authorized officer.

3. Vipan Kumar Executive, Welkin Infratech Limited, Branch Office at 1st Floor, Lawrence Road, Opposite Ritu Ware, Amritsar ...143001

... Opposite Parties

Whereas it has been proved to the satisfaction of this commission that opposite Parties No. 1, 2 &3 named above cannot be served by ordinary Process and was, therefore, ordered to be served through Substituted service. Notice is being issued to the above named opposite Parties No. 1, 2 & 3 to appear before this Commission either personally or through duly authorized agent/counsel on 24.11.2022 failing which ex-parte proceedings shall be heard against the above named opposite Parties No. 1, 2 & 3

Issued on this 31th day of October 2022

Sd/-(Jagdishwar Kumar Chopra)
President
Distt. Consumer Disputes Redressal Commission, Amritsar

STATE BANK OF INDIA

Branch Office: Phillaur, Distt.Jalandhar

ਸੋਧ

ਕਿਰਪਾ ਕਰਕੇ 5.11.2022 ਨੂੰ ਦਾ ਪਾਈਨੀਅਰ ਅਤੇ ਰੋਜ਼ਾਨਾ 'ਨਵਾਂ ਜ਼ਮਾਨਾ' 'ਚ ਪ੍ਰਕਾਸ਼ਤ ਸਾਡੇ ਇਸ਼ਤਿਹਾਰ ਦਾ ਹਵਾਲਾ ਲਿਆ ਜਾਵੇ, ਜਿਹੜਾ ਮੈਸਰਜ਼ ਗਣਪਤੀ ਕਾਸਟਿੰਗ ਦੇ ਸੰਬੰਧ 'ਚ ਹੈ।

ਇਸ ਨੋਟਿਸ 'ਚ ਕਿਰਪਾ ਕਰਕੇ ਅਚੱਲ ਜਾਇਦਾਦ ਦਾ ਵੇਰਵਾ ਇਸ ਤਰ੍ਹਾਂ ਪੜ੍ਹਿਆ ਜਾਵੇ : ਪਿੰਡ ਨੰਗਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ 'ਚ ਸਥਿਤ ਜ਼ਮੀਨ ਅਤੇ ਫੈਕਟਰੀ, ਪੈਮਾਇਸ਼ 21 ਮਰਲੇ, ਜਿਸ ਦਾ ਖਾਤਾ ਨੰ. 194/317, ਖਸਰਾ ਨੰ. 26//4/2 (4-12) ਖੱਤਾ ਨੰ. 195/218, ਖਸਰਾ ਨੰ. 26//7/2/2 (4-7) ਹੈ, ਜੋ ਸ੍ਰੀਮਤੀ ਰੇਨੂ ਵਾਲੀਆ ਪਤਨੀ ਸ੍ਰੀ ਵਿਨੋਦ ਵਾਲੀਆ ਦੇ ਨਾਂਅ 'ਤੇ 2 ਵਿਕਰੀ ਵਸੀਕਾ ਨੰ. 1381 ਮਿਤੀ 21/10/2004 ਅਤੇ 2115 ਮਿਤੀ 3/02/2006 ਅਧੀਨ ਰਜਿਸਟਰਡ ਹੈ।

ਅਧਿਕਾਰਤ ਅਧਿਕਾਰੀ

Email: eobhikhi@gmail.com Mob-01652-275834

ਦਫਤਰ ਨਗਰ ਪੰਚਾਇਤ ਭੀਖੀ, ਜ਼ਿਲ੍ਹਾ ਮਾਨਸਾ
ਸਥਾਨਕ ਸਰਕਾਰ ਵਿਭਾਗ ਪੰਜਾਬ

ਅਪੀਲ

ਆਮ ਪਬਲਿਕ ਨੂੰ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰਾਪਰਟੀ ਟੈਕਸ ਸਾਲ 2022-23 ਦਾ ਮਿਤੀ 31-12-2022 ਤੱਕ ਬਿਨਾਂ ਕਿਸੇ ਜੁਰਮਾਨੇ ਤੋਂ ਭਰਵਾਇਆ ਜਾਂਦਾ ਹੈ। ਇਸ ਲਈ ਸਾਰੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਸਾਰੇ ਸ਼ਹਿਰ ਦੇ ਵਾਸੀਆਂ ਵੱਲੋਂ 31-12-2022 ਤੱਕ ਆਪਣਾ ਬਣਦਾ ਪ੍ਰਾਪਰਟੀ ਟੈਕਸ ਭਰਨ ਦੀ ਕ੍ਰਿਪਾਲਤਾ ਕੀਤੀ ਜਾਵੇ। ਜੋ ਵੀ ਇਸ 31-12-2022 ਤੋਂ ਲੇਟ ਜਮ੍ਹਾਂ ਕਰਵਾਏਗਾ, ਉਸ ਤੋਂ 10% ਜੁਰਮਾਨਾ ਵਸੂਲਿਆ ਜਾਵੇਗਾ, ਜਿਸ ਦੀ ਨਿਰੋਲ ਜ਼ਿੰਮੇਵਾਰੀ ਸ਼ਹਿਰ ਵਾਸੀ ਦੀ ਹੋਵੇਗੀ।

ਸਹੀ/- ਕਾਰਜ ਸਾਧਕ ਅਫਸਰ, ਨਗਰ ਪੰਚਾਇਤ ਭੀਖੀ

PR (Advt) NA/12/12551/2021/18541

Court Notice

In the Court of Sh. Himanshu Arora PCS Additional Civil Judge (Senior Division), Amritsar

CNR No. PBAS02-004076-2022 Succ/2806/2022

Next Date : 19-12-2022

Charanjit Singh S/o Late Darshan Singh R/o Majitha Tarpai, Amritsar. Vs

General Public and others

Publication Issued to : General Public

In above titled case, the respondent could not be served. It is ordered that respondent should appear in person or through counsel on 19-12-2022 at 10.00 a.m.

For details logon to https://highcourtchd.gov.in./?trs=district_notice&district=Amritsar.

Additional Civil Judge (Senior Division) Amritsar

Dated, this day of 09-10-2022

ਯੂਨਿਯਨ ਬੈਂਕ Union Bank of India

ਯੂਨੀਅਨ ਬੈਂਕ ਆਫ ਇੰਡੀਆ, ਖੇਤਰੀ ਦਫਤਰ, 41/1 ਵਾਲੀਆ ਕੰਪਲੈਕਸ, ਪਹਿਲੀ ਮੰਜ਼ਿਲ, ਦੁਗਰੀ ਰੋਡ, ਆਤਮ ਨਗਰ, ਲੁਧਿਆਣਾ. ਫੋਨ ਨੰ. 0161-5044202

ਪੂਰਵ-ਯੋਗਤਾ ਨੋਟਿਸ

ਯੂਨੀਅਨ ਬੈਂਕ ਆਫ ਇੰਡੀਆ, ਇੱਕ ਪ੍ਰਮੁੱਖ ਰਾਸ਼ਟਰੀਕ੍ਰਿਤ ਬੈਂਕ, ਨੂੰ ਇੰਨਟੀਰੀਅਰ ਫਰਨੀਸ਼ਿੰਗ ਦੇ ਕੰਮਾਂ ਲਈ ਠੇਕੇਦਾਰਾਂ ਦੀ ਲੋੜ ਹੈ 3 ਸਾਲਾਂ ਦੀ ਮਿਆਦ ਲਈ ਸਿਵਲ ਕੰਮ ਸਮੇਤ (ਸਿਵਲ ਮੁਰੰਮਤ ਨਵੇਂ ਕੰਮ ਸਮੇਤ, ਢਾਚਾਗਤ ਇਮਾਰਤ ਦਾ ਪੁਨਰਵਾਸ, ਸੈਨੇਟਰੀ ਅਤੇ ਪਲੰਬਿੰਗ, ਵਾਟਰਪ੍ਰੂਫਿੰਗ), ਮੁਰੰਮਤ ਸਮੇਤ ਇਲੈਕਟ੍ਰੀਕਲ ਦੇ ਕੰਮ, ਏਅਰ-ਕੰਡੀਸ਼ਨਿੰਗ- ਇੰਸਟਾਲੇਸ਼ਨ, ਸਰਵਿਸਿੰਗ ਅਤੇ ਰੱਖ-ਰਖਾਅ, ਬੈਂਕ ਦੀਆਂ ਸ਼ਾਖਾਵਾਂ/ਦਫ਼ਤਰਾਂ ਲਈ ਲੁਧਿਆਣਾ ਖੇਤਰ ਵਿੱਚ। ਪੰਜਾਬ ਵਿੱਚ ਰਜਿਸਟਰਡ/ਸ਼ਾਖਾ ਦਫ਼ਤਰ ਰੱਖਣ ਵਾਲੇ ਵਿਅਕਤੀ/ਕੰਪਨੀਆਂ ਨੂੰ ਜਿਨ੍ਹਾਂ ਨੂੰ ਦਿਲਚਸਪੀ ਹੈ ਉਹ ਰੁ. **500.00** (ਨਾ-ਵਾਪਸੀਯੋਗ) ਦੀ ਰਕਮ ਦੇ ਭੁਗਤਾਨ ਨਾਲ ਯੂਨੀਅਨ ਬੈਂਕ ਆਫ ਇੰਡੀਆ ਦੇ ਪੱਖ ਵਿੱਚ ਪੇ ਆਰਡਰ/ਡਿਮਾਂਡ ਡਰਾਫਟ ਦੇ ਜ਼ਰੀਏ, ਜੋ ਲੁਧਿਆਣਾ ਵਿਖੇ ਭੁਗਤਾਨਯੋਗ ਹੋਵੇ ਨੂੰ ਕੰਮ ਦੇ ਸਮੇਂ ਦੇ ਦੌਰਾਨ ਚੀਫ਼ ਮੈਨੇਜਰ (ਪੀ ਐਂਡ ਡੀ), ਖੇਤਰੀ ਦਫ਼ਤਰ, **41/1**, ਪਹਿਲੀ ਮੰਜ਼ਿਲ, ਆਤਮ ਨਗਰ, ਵਾਲੀਆ ਕੰਪਲੈਕਸ, ਦੁੱਗਰੀ ਰੋਡ, ਲੁਧਿਆਣਾ ਤੇ ਮਿਤੀ **15.11.2022** ਤੋਂ **06.12.2022** ਤੱਕ ਅਰਜ਼ੀ ਫਾਰਮ ਪ੍ਰਾਪਤ ਕਰੋ। ਅਰਜ਼ੀ ਫਾਰਮ ਉਪਰੋਕਤ ਮਿਆਦ ਦੇ ਦੌਰਾਨ ਬੈਂਕ ਦੀ ਵੈਬਸਾਈਟ **https://www.unionbankofindia.co.in/english/tender.aspx** ਅਤੇ **https://eprocure.gov.in.** 'ਤੇ ਵੀ ਉਪਲਬਧ ਹਨ। ਹਾਲਾਂਕਿ, ਵੈਬਸਾਈਟਾਂ ਤੋਂ ਡਾਊਨਲੋਡ ਕੀਤੇ ਗਏ ਅਰਜ਼ੀ ਫਾਰਮ, ਰੁ. **500/-** (ਨਾ-ਵਾਪਸੀਯੋਗ) ਦੀ ਰਕਮ ਦੇ ਦੇ ਭੁਗਤਾਨ ਨਾਲ ਯੂਨੀਅਨ ਬੈਂਕ ਆਫ ਇੰਡੀਆ ਦੇ ਪੱਖ ਵਿੱਚ ਪੇ ਆਰਡਰ/ਡਿਮਾਂਡ ਡਰਾਫਟ ਦੇ ਜ਼ਰੀਏ, ਲੁਧਿਆਣਾ ਵਿਖੇ ਭੁਗਤਾਨਯੋਗ ਹੋਣਾ ਚਾਹੀਦਾ ਹੈ। ਮੁਕੰਮਲ ਫਾਰਮ ਜਮ੍ਹਾ ਕਰਨ ਦੀ ਆਖਰੀ ਮਿਤੀ **06.12.2022** ਨੂੰ **17.00** ਵਜੇ ਤੱਕ ਹੈ। ਭਰੇ ਹੋਏ ਫਾਰਮਾਂ ਵਾਲੇ ਲਿਫ਼ਾਫ਼ੇ ਤੇ "ਐਪਲੀਕੇਸ਼ਨ ਫਾਰ ਇਮਪੈਨਲਮੈਂਟ-ਠੇਕੇਦਾਰਾਂ- ਇੰਨਟੀਰੀਅਰ ਫਰਨੀਸ਼ਿੰਗ/ਇਲੈਕਟ੍ਰਿਕਲ ਵਰਕਸ/ਏਅਰ ਕੰਡੀਸ਼ਨਿੰਗ- ਸ਼੍ਰੇਣੀ ਏ/ਬੀ/ਸੀ (ਜੇ ਲਾਗੂ ਹੋਵੇ)" ਦੇ ਨਾਲ ਲਿਖਿਆ ਹੋਣਾ ਚਾਹੀਦਾ ਹੈ। ਬਿਨੈਕਾਰਾਂ ਨੂੰ ਹਰੇਕ ਗਤੀਵਿਧੀ ਲਈ ਵੱਖਰੇ ਲਿਫ਼ਾਫ਼ੇ ਵਿੱਚ ਅਰਜ਼ੀ ਜਮ੍ਹਾਂ ਕਰਾਉਣ ਦੀ ਲੋੜ ਹੈ। ਯੂਨੀਅਨ ਬੈਂਕ ਆਫ ਇੰਡੀਆ ਕੋਈ ਵੀ ਕਾਰਨ ਦਸੇ ਹੋਏ ਕਿਸੇ ਵੀ ਜਾਂ ਸਾਰੀਆਂ ਅਰਜ਼ੀਆਂ ਨੂੰ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ।

ਡਿਪਟੀ ਜਨਰਲ ਮੈਨੇਜਰ

ਸਨਮੁੱਖ ਸਾਲਸੀ ਟ੍ਰਿਬਿਊਨਲ ਸੁਖਜੀਤ ਸਿੰਘ ਜੌਲੀ ਐਡਵੋਕੇਟ/ ਇਕਮਾਤਰ ਸਾਲਸੀ, ਜਲੰਧਰ

ਕੈਪੀਟਲ ਸਮਾਲ ਫਾਇਨਾਂਸ ਬੈਂਕ, ਕੰਪਨੀਜ਼ ਐਕਟ ਅਧੀਨ 1956 ਇਕ ਕਾਰਪੋਰੇਟ ਬਾਡੀ, ਜਿਸ ਦਾ ਮੁੱਖ ਦਫਤਰ ਤੀਜੀ ਮੰਜ਼ਲ, ਮਿਡਾਸ ਕਾਰਪੋਰੇਟ ਪਾਰਕ, 37 ਜੀ ਟੀ ਰੋਡ ਜਲੰਧਰ ਵਿਖੇ ਹੈ ਅਤੇ ਇਸ ਦੀਆਂ ਹੋਰ ਸ਼ਾਖਾਵਾਂ ਵਿੱਚ ਇਕ ਸ਼ਾਖਾ ਗੁਰਾਇਆ, ਜ਼ਿਲ੍ਹਾ ਜਲੰਧਰ ਵਿਖੇ ਹੈ, ਵਿਧੀਗਤ ਗਠਿਤ ਅਟਾਰਨੀ ਰਾਹੀਂ

....ਬਿਨੈਕਾਰ

ਬਨਾਮ

1. ਮੱਖਣ ਸਿੰਘ ਪੁੱਤਰ ਲੈਂਹਬਰ ਸਿੰਘ ਹੁਣ ਮ੍ਰਿਤਕ ਉਸ ਦੇ ਕਾਨੂੰਨੀ ਵਾਰਸਾਂ/ਪ੍ਰਤੀਨਿਧਾਂ ਰਾਹੀਂ
(A) ਜਸਵੀਰ ਕੌਰ ਪਤਨੀ ਸ੍ਰ. ਮੱਖਣ ਸਿੰਘ (ਭਾਵ ਉਤਰਦਾਤਾ ਨੰ. 2)
(B) ਗੁਰਕਮਲ ਕੌਰ ਪੁੱਤਰੀ ਸ੍ਰ. ਮੱਖਣ ਸਿੰਘ ਸਾਰੇ ਨਿਵਾਸੀ ਪਿੰਡ ਅੱਟੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ-141411
2. ਜਸਵੀਰ ਕੌਰ ਪਤਨੀ ਸ੍ਰ. ਮੱਖਣ ਸਿੰਘ

15-NOV-PAGE-7.qxd 11/14/2022 10:09 PM Page 1

ਲੋਕ ਚੇਤਨਾ ਮੰਚ ਵੱਲੋਂ ਸਰਾਭਾ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੈਮੀਨਾਰ

ਗ਼ਦਰ ਲਹਿਰ ਦੀ ਸਾਰਥਿਕਤਾ 'ਤੇ ਅੱਜ ਦੇ ਸੰਦਰਭ 'ਚ ਹੋਈ ਚਰਚਾ

ਧੂਰੀ (ਸੁਖਦੇਵ ਧੂਰੀ)-ਲੋਕ ਚੇਤਨਾ ਮੰਚ ਧੂਰੀ ਵੱਲੋਂ ਕੌਮੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਧੂਰੀ ਵਿਖੇ ਇਕ ਸੈਮੀਨਾਰ ਕੀਤਾ ਗਿਆ। ਜਮਹੂਰੀ ਅਧਿਕਾਰ ਸਭਾ ਦੇ ਸੂਬਾਈ ਆਗੂ ਮਾਸਟਰ ਤਰਸੇਮ ਨੇ ਇਸ ਸੈਮੀਨਾਰ ਵਿੱਚ ਮੁੱਖ ਬੁਲਾਰੇ ਵਜੋਂ ਸ਼ਮੂਲੀਅਤ ਕੀਤੀ। ਸੈਮੀਨਾਰ ਦੀ ਸ਼ੁਰੂਆਤ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਈ, ਜਿਸ ਵਿੱਚ ਮੰਗਲ ਸਿੰਘ, ਮੂਲ ਚੰਦ ਸ਼ਰਮਾ, ਰਜਿੰਦਰ ਰਾਜੂ ਤੇ ਗੁਰਦਿਆਲ ਨਿਰਮਾਣ ਨੇ ਆਪੋ ਆਪਣੇ ਇਨਕਲਾਬੀ ਗੀਤ ਪੇਸ਼ ਕੀਤੇ। ਮਾਸਟਰ ਤਰਸੇਮ ਨੇ ਆਪਣੇ ਕੁੰਜੀਵਤ ਭਾਸ਼ਣ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭੇ ਦੇ ਜੀਵਨ ਤੋਂ ਲੈ ਕੇ ਉਸ ਦੇ ਗਦਰ ਲਹਿਰ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਵਿਆਖਿਆ ਬਹੁਤ ਹੀ ਸਰਲ ਭਾਸ਼ਾ ਵਿੱਚ ਸਾਂਝੀ ਕੀਤੀ। ਉਨ੍ਹਾਂ ਗ਼ਦਰ ਲਹਿਰ ਦੇ ਅੱਜ ਦੇ ਸਮੇਂ ਵੀ ਪ੍ਰਸੰਗਕ ਹੋਣ ਦੀ ਚਰਚਾ ਵੀ ਹਾਜ਼ਰੀਨ ਨਾਲ ਕੀਤੀ। ਸੈਮੀਨਾਰ ਦੌਰਾਨ ਹੋਈ ਚਰਚਾ ਵਿੱਚ ਮਾਸਟਰ ਬਹਾਦਰ ਸਿੰਘ ਬੇਨੜਾ, ਸੁਖਦੇਵ ਸ਼ਰਮਾ ਜ਼ਿਲ੍ਹਾ ਸਕੱਤਰ ਸੀ ਪੀ ਆਈ, ਸਵਰਨਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਜਮਹੂਰੀ ਅਧਿਕਾਰ ਸਭਾ, ਮੁਲਾਜ਼ਮ ਆਗੂ ਰਾਮ ਸਿੰਘ, ਸੁਰਿੰਦਰ ਸ਼ਰਮਾ ਪ੍ਰਧਾਨ ਸਾਹਿਤ ਸਭਾ ਧੂਰੀ, ਗਿਰਧਾਰੀ ਲਾਲ ਪੈਨਸ਼ਨਰ ਆਗੂ ਨੇ ਭਾਗ ਲਿਆ। ਕੁਲਵਿੰਦਰ ਬੰਟੀ ਨੇ ਲੋਕ ਚੇਤਨਾ ਮੰਚ ਦੀ ਸਥਾਪਨਾ ਤੇ ਉਦੇਸ਼ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਸੈਮੀਨਾਰ ਨੂੰ ਸੰਬੋਧਨ ਕਰਦੇ ਮੁੱਖ ਬੁਲਾਰੇ ਤੇ ਸ਼ਾਮਲ ਸਰੋਤੇ।

ਇਸੇ ਦੌਰਾਨ ਲੋਕ ਚੇਤਨਾ ਮੰਚ ਦੇ ਆਗੂ ਵਿਸਾਖਾ ਸਿੰਘ ਨੇ ਪੰਜਾਬ ਦੇ ਪਾਣੀਆਂ 'ਤੇ ਪੰਜਾਬ ਦਾ ਹੱਕ ਤਸਲੀਮ ਕਰਨ ਤੇ ਵਾਧੂ ਪਾਣੀ ਦੂਜੇ ਰਾਜਾਂ ਨੂੰ ਦੇਣ ਦੀ ਕੀਮਤ ਵਸੂਲੀ, ਪੰਜਾਬ ਦੀ ਵਿਗੜਦੀ ਕਾਨੂੰਨ ਵਿਵਸਥਾ 'ਤੇ ਚਿੰਤਾ ਜ਼ਾਹਰ ਕਰਨ ਦੇ ਨਾਲ ਹੀ ਭੜਕਾਊ ਬਿਆਨ ਦੇਣ ਵਾਲੇ ਆਗੂਆਂ ਨੂੰ ਮੁਫਤ ਵਿੱਚ ਦਿੱਤੀ ਸੁਰੱਖਿਆ ਵਾਪਸ ਲੈਣ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਸਮੇਤ ਜੇਲ੍ਹਾਂ ਵਿੱਚ ਬੰਦ ਵੱਖ ਵੱਖ ਬੁੱਧੀਜੀਵੀਆਂ ਤੇ ਪੱਤਰਕਾਰਾਂ ਦੀ ਰਿਹਾਈ ਸਬੰਧੀ ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਹਾਜ਼ਰੀਨ ਨੇ ਸਰਬਸੰਮਤੀ ਨਾਲ ਪਾਸ ਕੀਤਾ। ਲੋਕ ਚੇਤਨਾ ਮੰਚ ਦੇ ਆਗੂ ਨਰਿੰਦਰ ਨਿੰਦੀ ਨੇ ਸੈਮੀਨਾਰ ਨੂੰ ਸਫ਼ਲ ਬਣਾਉਣ ਲਈ ਸਾਰਿਆਂ ਦਾ ਧੰਨਵਾਦ ਕੀਤਾ ਤੇ ਅੱਗੇ ਤੋਂ ਵੀ ਸਹਿਯੋਗ ਦੀ ਅਪੀਲ ਕੀਤੀ। ਸਟੇਜ ਸਕੱਤਰ ਦੀ ਡਿਊਟੀ ਸੁਖਦੇਵ ਧੂਰੀ ਨੇ ਬਾਖੂਬੀ ਨਿਭਾਈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਰਘਵੀਰ ਚੰਦ ਐੱਸ ਡੀ ਓ, ਮਨਧੀਰ ਸਿੰਘ ਸੰਗਰੂਰ, ਪਰਗਟ ਸਿੰਘ ਕਾਲਾਝਾੜ, ਮਨਜੀਤ ਬਬਲੀ, ਗੁਰਜੰਟ ਸਿੰਘ, ਕਾਮਰੇਡ ਰਮੇਸ਼ ਜੈਨ, ਜਵਾਹਰ ਸਿੰਗਲਾ, ਬਲਦੇਵ ਸਿੰਘ ਮੀਮਸਾ, ਸੁਰਜੀਤ ਸਿੰਘ ਵੜੈਚ, ਬਿੱਟੂ ਧੂਰੀ, ਗੁਰਦਰਸ਼ਨ ਸਿੰਘ ਧੂਰੀ ਪਿੰਡ, ਸਾਧੂ ਸਿੰਘ ਪੇਧਨੀ, ਬਹਾਲ ਸਿੰਘ ਬੇਨੜਾ, ਅਮਰਜੀਤ ਸਿੰਘ ਅਮਨ, ਸੱਤ ਪਾਲ ਪਰਾਸ਼ਰ, ਹਰਦੀਪ ਸਿੰਘ ਭੂਦਨ, ਅਸ਼ਵਨੀ ਕੁਮਾਰ, ਮਿਸ਼ਰਾ ਸਿੰਘ ਬਮਾਲ ਆਦਿ ਹਾਜ਼ਰ ਸਨ।

ਗੱਡੀ 'ਚੋਂ ਕੱਢ ਕੇ ਕੀਤੀ ਕੁੱਟਮਾਰ, 16 ਖਿਲਾਫ ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਗਜਨੀਵਾਲਾ ਵਿਖੇ ਕਾਰ 'ਤੇ ਜਾ ਰਹੇ ਵਿਅਕਤੀ ਨੂੰ ਬਾਹਰ ਕੱਢ ਕੇ ਹਥਿਆਰਾਂ ਨਾਲ ਉਸ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਥਾਣਾ ਲੱਖੋਕੇ ਬਹਿਰਾਮ ਪੁਲਸ ਨੇ 12 ਬਾਏ ਨੇਮ ਵਿਅਕਤੀਆਂ ਸਮੇਤ 4 ਹੋਰ ਨਾਮਜ਼ਦ ਵਿਅਕਤੀਆਂ ਖਿਲਾਫ 379-ਬੀ, 323, 148, 149 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮੋਹਰਬੰਤ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਠੱਠੀ ਭਾਈ ਥਾਣਾ ਸਮਾਲਸਰ ਜ਼ਿਲ੍ਹਾ ਮੋਗਾ ਨੇ ਦੱਸਿਆ ਕਿ 6 ਨਵੰਬਰ 2022 ਨੂੰ ਸ਼ਾਮ 6 ਵਜੇ ਉਹ ਆਪਣਾ ਕੰਮ ਖਤਮ ਕਰਕੇ ਆਪਣੀ ਗੱਡੀ ਵਿੱਚ ਘਰ ਜਾ ਰਿਹਾ ਸੀ ਤਾਂ ਰਸਤੇ ਵਿੱਚ ਪਿੰਡ ਗਜਨੀਵਾਲਾ ਦੇ ਸੇਮਨਾਲੇ ਦੇ ਪੁਲ ਉਪਰ ਦੋਸ਼ੀਆਨ ਗੁਰਪ੍ਰਵੇਜ਼ ਸਿੰਘ ਉਰਫ ਸ਼ੈਲਾ ਪੁੱਤਰ ਬਲਰਾਜ ਸਿੰਘ, ਬਲਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ, ਜਸਵੰਤ ਸਿੰਘ ਪੁੱਤਰ ਸਰਦਾਰਾ ਸਿੰਘ, ਭਗਵੰਤ ਸਿੰਘ ਪੁੱਤਰ ਉਪਦੇਸ਼ ਸਿੰਘ, ਹਰਪ੍ਰੀਤ ਸਿੰਘ ਪੁੱਤਰ ਜਰਨੈਲ ਸਿੰਘ, ਜਸਵੰਤ ਸਿੰਘ ਪੁੱਤਰ ਦਰਸ਼ਨ ਸਿੰਘ, ਬਲਵੰਤ ਸਿੰਘ ਪੁੱਤਰ ਬਾਗਾ ਸਿੰਘ, ਮਨਜੀਤ ਸਿੰਘ ਪੁੱਤਰ ਲਛਮਣ ਸਿੰਘ, ਹਰਦੀਪ ਸਿੰਘ ਪੁੱਤਰ ਦੇਸ ਸਿੰਘ, ਸੁਰਜੀਤ ਸਿੰਘ ਪੁੱਤਰ ਰੁਲੀਆ ਸਿੰਘ, ਜੀਤ ਸਿੰਘ ਪੁੱਤਰ ਮੱਖਣ ਸਿੰਘ, ਬਲਵਿੰਦਰ ਸਿੰਘ ਪੁੱਤਰ ਮਹਿਲ ਸਿੰਘ ਵਾਸੀਅਨ ਗਜਨੀਵਾਲਾ ਉਰਫ ਦੋਨਾ ਮੱਤੜ ਤੇ 4 ਹੋਰ ਨਾਮਜ਼ਦ ਵਿਅਕਤੀਆਂ ਨੇ ਉਸ ਨੂੰ ਰੋਕ ਕੇ ਤੇ ਗੱਡੀ ਵਿੱਚੋਂ ਬਾਹਰ ਕੱਢ ਕੇ ਹਥਿਆਰਾਂ ਨਾਲ ਕੁੱਟਮਾਰ ਕੀਤੀ। ਮੋਹਰਬੰਤ ਸਿੰਘ ਨੇ ਦੱਸਿਆ ਕਿ ਉਕਤ ਦੋਸ਼ੀਆਨ ਉਸ ਦੀ ਸੋਨੇ ਦੀ ਚੈਨ, 15 ਹਜ਼ਾਰ ਰੁਪਏ ਨਗਦ ਤੇ ਉਸ ਦੇ ਸ਼ਨਾਖਤੀ ਕਾਰਡ, ਆਧਾਰ ਕਾਰਡ, ਪੈਨ ਕਾਰਡ ਤੇ ਡਰਾਈਵਿੰਗ ਲਾਇਸੰਸ ਕੁੱਟਮਾਰ ਦੌਰਾਨ ਖੋਹ ਕੇ ਲੈ ਗਏ। ਮੋਹਰਬੰਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਮਮਦੋਟ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਰੋਸ਼ਨ ਲਾਲ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਮਮਦੋਟ 'ਚੋਂ ਲੰਘਦੇ ਸੇਮ ਨਾਲੇ ਦੀ ਸਫਾਈ ਦਾ ਕੰਮ ਸ਼ੁਰੂ

■ ਕਸਬੇ ਦੇ ਸਾਰੇ ਮਸਲੇ ਹੱਲ ਕੀਤੇ ਜਾਣਗੇ : ਐਡਵੋਕੇਟ ਰਜਨੀਸ਼ ਦਹੀਆ

ਮਮਦੋਟ (ਜਸਬੀਰ ਸਿੰਘ ਕੰਬੋਜ)-ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਪਿੰਡ ਕਾਲਾ ਟਿੱਬਾ, ਟਿੱਬੀ ਕਲਾਂ, ਮੁਰਕਵਾਲਾ, ਕੜਮਾ, ਚੱਕ ਘੁਬਾਈ ਉਰਫ਼ ਤਰਾਂਵਾਲਾ, ਜੋਧਪੁਰ ਤੇ ਪਠਾਣਾਂ ਵਾਲੀ ਬਸਤੀ ਤੋਂ ਹੁੰਦੇ ਹੋਏ ਕਸਬਾ ਮਮਦੋਟ 'ਚ ਆ ਕੇ ਖ਼ਤਮ ਹੁੰਦੇ ਕਲਾਲੀ ਬੂਟੀ ਡਿੱਬ ਤੇ ਹੋਰ ਕਈ ਤਰ੍ਹਾਂ ਦੀ ਗੰਦਗੀ ਨਾਲ ਭਰੇ ਸੇਮ ਨਾਲੇ ਦੀ ਸਫਾਈ ਸਬੰਧੀ ਕਸਬਾ ਮਮਦੋਟ ਵਾਸੀਆਂ ਵੱਲੋਂ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਨੂੰ ਇੱਕ ਮੀਟਿੰਗ ਦੌਰਾਨ ਕੀਤੀ ਬੇਨਤੀ 'ਤੇ ਤੁਰੰਤ ਐਕਸ਼ਨ ਲੈਂਦੇ ਹੋਏ ਸ੍ਰੀ ਦਹੀਆ ਦੀ ਯੋਗ ਅਗਵਾਈ ਹੇਠ ਨਗਰ ਪੰਚਾਇਤ ਵੱਲੋਂ ਇਸ ਸੇਮ ਨਾਲੇ ਦੀ ਸਫਾਈ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਸੇਮ ਨਾਲੇ ਦੀ ਸਫ਼ਾਈ ਕਰਾਉਣ ਦੀ ਸ਼ੁਰੂਆਤ ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ ਆਮ ਆਦਮੀ ਪਾਰਟੀ, ਬਲਰਾਜ ਸਿੰਘ ਸੰਧੂ, ਦਲਜੀਤ ਸਿੰਘ ਬਾਬਾ ਉੱਪ ਪ੍ਰਧਾਨ ਨਗਰ ਪੰਚਾਇਤ ਮਮਦੋਟ ਅਤੇ ਹੋਰ ਐੱਮ ਸੀਜ਼ ਵੱਲੋਂ ਕਰਵਾਈ ਗਈ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਨਿਰਵੈਰ ਸਿੰਘ ਸਿੰਧੀ ਜ਼ਿਲ੍ਹਾ ਮੀਡੀਆ ਇੰਚਾਰਜ ਤੇ ਸੀਨੀਅਰ ਆਗੂ ਬਲਰਾਜ ਸਿੰਘ ਸੰਧੂ ਨੇ ਦੱਸਿਆ ਕਿ ਕਸਬਾ ਮਮਦੋਟ ਵਾਸੀਆਂ ਨਾਲ ਹਲਕਾ ਵਿਧਾਇਕ ਐਡਵੋਕੇਟ ਰਜਨੀਸ਼ ਦਹੀਆ ਦੀਆਂ ਹੁਣ ਤੱਕ ਦੀਆਂ ਹੋਈਆਂ ਵੱਖ ਵੱਖ ਮੀਟਿੰਗਾਂ ਸਮੇਂ, ਜੋ ਵੀ ਸਥਾਨਕ ਲੋਕਾਂ ਦੇ ਮਸਲਿਆਂ ਸਬੰਧੀ ਮੰਗਾਂ ਰੱਖੀਆਂ ਗਈਆਂ ਹਨ, ਸ੍ਰੀ ਦਹੀਆ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਇੱਕ ਇੱਕ ਕਰਕੇ ਪੂਰਾ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਆਉਣ ਵਾਲੇ ਕੁਝ ਦਿਨਾਂ ਤੱਕ ਇਸ ਸੇਮ ਨਾਲੇ ਦੀ ਸਫ਼ਾਈ ਦਾ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਮੌਕੇ ਐੱਮ ਸੀ ਲੇਖਰਾਜ, ਬਾਜ ਸਿੰਘ, ਕੇਵਲ ਕ੍ਰਿਸ਼ਨ ਵਿਪਨ ਐੱਮ ਸੀ, ਉਪਿੰਦਰ ਸਿੰਘ ਸਿੰਧੀ ਐੱਮ ਸੀ ਤੇ ਬਲਕਾਰ ਸਿੰਘ ਮਮਦੋਟ ਵੀ ਹਾਜ਼ਰ ਸਨ।

ਕਾਤਰਾਂ

ਸੁਰੇਂਦਰ ਲਾਂਬਾ ਨੇ ਨਵੇਂ ਐੱਸ ਐੱਸ ਪੀ ਵਜੋਂ ਅਹੁਦਾ ਸੰਭਾਲਿਆ

ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਸੰਗਰੂਰ ਦੇ ਨਵੇਂ ਐੱਸਐੱਸਪੀ ਸ੍ਰੀ ਸੁਰੇਂਦਰ ਲਾਂਬਾ ਨੇ ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਤੇ ਆਈਪੀਐਸ ਅਧਿਕਾਰੀ ਸ੍ਰੀ ਮਨਦੀਪ ਸਿੰਘ ਸਿੱਧੂ (ਜੋ ਐੱਸਐੱਸਪੀ ਤੋਂ ਡੀਆਈਜੀ ਪਦਉੱਨਤ ਹੋਣ ਤੋਂ ਬਾਅਦ, ਕਮਿਸ਼ਨਰ ਆਫ਼ ਪੁਲਸ ਲੁਧਿਆਣਾ ਨਿਯੁਕਤ ਕੀਤੇ ਗਏ ਹਨ) ਦੀ ਮੌਜੂਦਗੀ ਵਿੱਚ ਆਪਣਾ ਅਹੁਦਾ ਸੰਭਾਲਿਆ।

ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਇੰਟਰਵਿਊ

ਬਰਨਾਲਾ (ਰਜਿੰਦਰ ਬਰਾੜ/ਰਿਸ਼ੀ ਗੋਇਲ)-ਜ਼ਿਲ੍ਹਾ ਰੁਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਅਲਾਇੰਸ ਸਟਾਫਿੰਗ ਸਰਵਿਸਿਜ਼ ਨਾਲ ਤਾਲਮੇਲ ਕਰਕੇ 15 ਨਵੰਬਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਵੱਖ-ਵੱਖ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ। ਜ਼ਿਲ੍ਹਾ ਰੁਜ਼ਗਾਰ ਅਫ਼ਸਰ ਗੁਰਤੇਜ ਸਿੰਘ ਨੇ ਦੱਸਿਆ ਕਿ ਇੰਟਰਵਿਊ ਦੌਰਾਨ ਪ੍ਰਾਰਥੀ ਕੋਲ ਰਿਜ਼ੂਅਮ ਤੇ ਇੰਟਰਵਿਊ ਦੌਰਾਨ ਫਾਰਮਲ ਡਰੈੱਸ ਵਿੱਚ ਹੋਣਾ ਲਾਜ਼ਮੀ ਹੈ।

ਸਿਵਲ ਸਰਜਨ ਵੱਲੋਂ ਦੰਦਾਂ ਦੇ ਪੰਦਰਵਾੜੇ ਦਾ ਉਦਘਾਟਨ

ਬਰਨਾਲਾ (ਰਜਿੰਦਰ ਬਰਾੜ/ਗੁਰਪ੍ਰੀਤ ਸਿੰਘ)-ਸਿਹਤ ਵਿਭਾਗ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 14 ਤੋਂ 29 ਨਵੰਬਰ ਤੱਕ 34 ਵਾਂ ਦੰਦਾਂ ਦਾ ਪੰਦਰਵਾੜਾ ਮਨਾਇਆ ਜਾ ਰਿਹਾ ਹੈ। ਸਿਵਲ ਸਰਜਨ ਡਾ. ਜਸਬੀਰ ਸਿੰਘ ਔਲਖ ਨੇ ਆਮ ਲੋਕਾਂ ਨੂੰ ਇਸ ਪੰਦਰਵਾੜੇ ਦਾ ਲਾਹਾ ਲੈਣ ਦੀ ਅਪੀਲ ਕੀਤੀ। ਸੀਨੀਅਰ ਮੈਡੀਕਲ ਅਫਸਰ ਡਾ. ਤਪਿੰਦਰਜੋਤ ਕੌਸਲ ਨੇ ਦੱਸਿਆ ਕਿ ਡੈਂਟਲ ਮੈਡੀਕਲ ਅਫ਼ਸਰਾਂ ਦੀ ਟੀਮ ਡਾ. ਵੰਦਨਾ ਭਾਂਬਰੀ, ਡਾ. ਦਿਨੇਦ ਜਿੰਦਲ, ਡਾ. ਗੁਰਪ੍ਰੀਤ ਕੌਰ ਵੱਲੋਂ ਸਿਵਲ ਹਸਪਤਾਲ ਵਿਖੇ ਮੁਫ਼ਤ ਜਾਂਚ ਅਤੇ ਇਲਾਜ ਕੀਤਾ ਜਾਵੇਗਾ। ਡਾ. ਵੰਦਨਾ ਭਾਂਬਰੀ ਜ਼ਿਲ੍ਹਾ ਡੈਂਟਲ ਇਚਾਰਜ ਨੇ ਦੱਸਿਆ ਕਿ ਸਿਵਲ ਹਸਪਤਾਲ 'ਚ 30 ਅਤੇ ਮਹਿਲ ਕਲਾਂ ਵਿਖੇ 10 ਦੰਦਾਂ ਦੇ ਸੈੱਟ ਮੁਫ਼ਤ ਲਾਏ ਜਾਣਗੇ। ਸੀ ਐਚ ਸੀ ਮਹਿਲ ਕਲਾਂ ਵਿਖੇ ਡਾ.ਅਮ੍ਰਿਤਪਾਲ ਕੌਰ ਵੱਲੋਂ ਮੁਫ਼ਤ ਜਾਂਚ ਤੇ ਇਲਾਜ ਕੀਤਾ ਜਾਵੇਗਾ। ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਨੇ ਦੱਸਿਆ ਕਿ ਇਸ ਪੰਦਰਵਾੜੇ 'ਚ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ ਕਿ ਤੰਬਾਕੂ ਪਦਾਰਥ, ਟਾਫੀਆਂ ਅਤੇ ਚਾਕਲੇਟ ਦੀ ਵਰਤੋਂ ਨਾਲ ਦੰਦ ਜ਼ਿਆਦਾ ਖਰਾਬ ਹੁੰਦੇ ਹਨ, ਇਨ੍ਹਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ।

ਵਿਦਿਆਰਥੀਆਂ ਨੇ ਸਮਾਰਟ ਐਗਰੀਕਲਚਰ ਮਾਡਲ 'ਚ ਹਾਸਲ ਕੀਤਾ ਦੂਜਾ ਸਥਾਨ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਸੰਤ ਲੌਂਗੋਵਾਲ ਇੰਸਟੀਚਿਊਟ ਆਫ਼ ਇੰਜਨੀਅਰਿਮਗ ਐਂਡ ਟੈਕਨਾਲੋਜੀ ਵਿਖੇ ਰਾਜ ਪੱਧਰੀ ਸਾਇੰਸ ਪ੍ਰੋਜੈਕਟ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੂਬੇ ਭਰ ਦੇ 180 ਸਕੂਲਾਂ ਨੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਦੇ ਵਿਦਿਆਰਥੀਆਂ ਵੱਲੋਂ ਬਣਾਏ ਗਏ ਸਮਾਰਟ ਐਗਰੀਕਲਚਰ ਮਾਡਲ ਨੇ ਦੂਸਰਾ ਸਥਾਨ ਹਾਸਲ ਕੀਤਾ। ਸਕੂਲ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਸਕੂਲ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਵੱਲੋਂ ਸਾਇੰਸ ਅਧਿਆਪਕ ਅਤੇ ਪ੍ਰੋਜੈਕਟ ਇਚਾਰਜ ਰੇਣੂ ਮਲਿਕ ਤੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਜੈਕਾਰਾ ਮੂਵਮੈਂਟ ਵੱਲੋਂ 100 ਨਸ਼ਾ ਰਹਿਤ ਪਰਵਾਰਾਂ ਦਾ ਸਨਮਾਨ ਪ੍ਰੇਰਣਾਸਰੋਤ : ਸੰਧਵਾਂ

■ ਨਸ਼ਿਆਂ ਨਾਲ ਦੁਸ਼ਮਣ ਤਾਕਤਾਂ ਪੰਜਾਬ ਦੀ ਨਸਲਕੁਸ਼ੀ ਵਾਸਤੇ ਤਤਪਰ : ਡੱਲੇਵਾਲ

■ ਮਨੁੱਖਤਾ ਦੀ ਭਲਾਈ ਲਈ ਯਤਨਸ਼ੀਲ ਸੰਸਥਾਵਾਂ ਦੇ ਕੰਮ ਸ਼ਲਾਘਾਯੋਗ : ਐੱਸ ਐੱਸ ਪੀ

ਕੋਟਕਪੂਰਾ (ਰਛਪਾਲ ਭੁੱਲਰ)-'ਅੱਜ ਉਸ ਮਹਾਰਾਜੇ ਰਣਜੀਤ ਸਿੰਘ ਦਾ ਜਨਮ ਦਿਨ ਹੈ, ਜਿਸ ਨੇ ਉਚ-ਨੀਚ, ਜਾਤ-ਪਾਤ ਜਾਂ ਧਰਮ ਦੀ ਦੁਨੀਆਂ ਤੋਂ ਉੱਪਰ ਉੱਠ ਕੇ ਮਨੁੱਖਤਾ ਦੀ ਭਲਾਈ ਵਾਲੇ ਅਜਿਹੇ ਸੇਵਾ ਕਾਰਜ ਕੀਤੇ, ਜਿਨ੍ਹਾਂ ਨੂੰ ਅੱਜ ਤੋਂ 242 ਸਾਲਾਂ ਬਾਅਦ ਵੀ ਲੋਕ ਸਤਿਕਾਰ ਨਾਲ ਯਾਦ ਕਰ ਰਹੇ ਹਨ। ਉਕਤ ਵਿਚਾਰ ਜੈਕਾਰਾ ਮੂਵਮੈਂਟ ਸੋਸ਼ਲ ਆਰਗੇਨਾਈਜ਼ੇਸ਼ਨ ਵੱਲੋਂ ਸਥਾਨਕ ਗੁਰਦਵਾਰਾ ਪਾਤਸ਼ਾਹੀ ਦਸਵੀਂ ਵਿਖੇ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਵਤਾਰ ਪੁਰਬ ਨੂੰ ਸਮਰਪਤ 100 ਨਸ਼ਾ ਰਹਿਤ ਪਰਿਵਾਰਾਂ ਦੇ ਸਨਮਾਨ ਸਮਾਰੋਹ ਮੌਕੇ ਬਤੌਰ ਮੁੱਖ ਮਹਿਮਾਨ ਪੁੱਜੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਪ੍ਰਗਟ ਕਰਦਿਆਂ ਆਖਿਆ ਕਿ ਮਹਾਰਾਜਾ ਰਣਜੀਤ ਸਿੰਘ ਵਰਗੀਆਂ ਸ਼ਖਸੀਅਤਾਂ ਸਾਡੇ ਲਈ ਹਮੇਸ਼ਾ ਪ੍ਰੇਰਣਾਸਰੋਤ ਰਹਿਣਗੀਆਂ, ਕਿਉ

15-NOV-PAGE- 8.qxd 11/14/2022 10:16 PM Page 1

ਖੇਤ ਮਜ਼ਦੂਰਾਂ ਲਈ ਲੋਕਲ ਸੰਘਰਸ਼ ਕਰਨੇ ਜ਼ਰੂਰੀ : ਵੈਂਕਟ

ਬਹਿਰਾਮ (ਅਵਤਾਰ ਕਲੇਰ) ਕੁਲ ਹਿੰਦ ਖੇਤ ਮਜਦੂਰ ਯੂਨੀਅਨ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਾਥੀ ਰਾਮ ਸਿੰਘ ਨੂਰਪੁਰੀ ਦੀ ਪ੍ਰਧਾਨਗੀ ਹੇਠ 1180 ਹਰਨਾਮ ਨਗਰ ਲੁਧਿਆਣਾ ਵਿਖੇ ਹੋਈ। ਮੀਟਿੰਗ ਵਿੱਚ ਗੁਰਦੇਵ ਸਿੰਘ ਬਾਂਡੀ (ਬਠਿੰਡਾ) ਸਰਦਾਰ ਮੁਹੰਮਦ ਉਪਲਭੂਪਾ (ਜਲੰਧਰ) ਮਹਿੰਦਰ ਸਿੰਘ ਗੁਣਾਚੌਰ (ਨਵਾਂਸਹਿਰ) ਐਡਵੋਕੇਟ ਬਖਸ਼ੀਸ ਸਿੰਘ (ਮਾਨਸਾ) ਕੇ ਸੀ ਸ਼ਰਮਾ ,(ਪਟਿਆਲਾ) ਨੂੰ ਦੋ ਮਿੰਟ ਮੌਨ ਧਾਰ ਕੇ ਸਰਧਾਂਜਲੀ ਭੇਟ ਕੀਤੀ ਗਈ।

ਯੂਨੀਅਨ ਦੇ ਕੌਮੀ ਜਨਰਲ ਸਕੱਤਰ ਬੀ ਵੈਂਕਟ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਾਥੀ ਵੈਂਕਟ ਨੇ ਹਾਜ਼ਰੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤ ਮਜ਼ਦੂਰਾਂ ਦੀਆਂ ਲੋਕਲ ਮੰਗਾਂ ਨੂੰ ਲੈ ਕੇ ਸੰਘਰਸ ਕਰਨੇ ਬਹੁਤ ਜਰੂਰੀ ਹਨ। ਕਿਉਂਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਕਿਸੇ ਵੀ ਸਰਕਾਰ ਨੇ ਖੇਤ ਮਜ਼ਦੂਰਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਇਸ ਲਈ ਸੰਘਰਸ਼ਾਂ ਤੋਂ ਬਿਨ੍ਹਾਂ ਗਰੀਬਾਂ ਦੇ ਹੱਕਾਂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਉਨ੍ਹਾਂ ਨੇ ਕਿਹਾ ਕਿ ਦੇਸ ਅੰਦਰ ਵਾਧੂ ਪਈ ਜ਼ਮੀਨ ਖੇਤ ਮਜ਼ਦੂਰਾਂ ਤੇ ਗਰੀਬ ਕਿਸਾਨਾਂ ਵਿਚ ਵੰਡਣ ਦੀ ਲੋੜ ਹੈ ਤਾਂ ਕਿ ਖੇਤੀ ਰਾਹੀਂ ਦੇਸ਼ ਦਾ ਵਿਕਾਸ ਹੋ ਸਕੇ। 5 ਜਨਵਰੀ ਨੂੰ ਯੂਨੀਅਨ ਦੀ ਕੇਂਦਰੀ ਵਰਕਿੰਗ ਕਮੇਟੀ ਦੀ ਮੀਟਿੰਗ ਚੇਨਈ ਵਿਖੇ ਹੋ ਰਹੀ ਹੈ। ਜਿਸ ਵਿਚ ਖੇਤ ਮਜਦੂਰਾਂ ਦੀਆਂ ਮੰਗਾਂ ਸੰਬੰਧੀ ਅਹਿਮ ਫੈਸਲੇ ਲਏ ਜਾਣਗੇ ਅਤੇ ਫਰਵਰੀ 2023 ਵਿੱਚ ਹੋ ਰਹੀ 10 ਵੀਂ ਕੌਮੀ ਕਾਨਫਰੰਸ ਵਿੱਚ ਪੇਸ਼ ਹੋਣ ਵਾਲੀ ਰਿਪੋਰਟ ਪਾਸ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਉਤਰੀ ਭਾਰਤ ਵਿਚੋਂ ਪੰਜਾਬ ਦੀ ਜਥੇਬੰਦੀ ਹੀ ਮਜ਼ਬੂਤ ਹੈ ਅਤੇ ਮੈਨੂੰ ਆਸ ਹੈ ਕਿ ਇਹ ਖੇਤ ਮਜਦੂਰਾਂ ਦੇ ਮਸਲਿਆਂ ਨੂੰ ਸੰਘਰਸ਼ਾਂ ਰਾਹੀਂ ਜਿੱਤੇਗੀ। ਮੀਟਿੰਗ ਦੇ ਫੈਸਲੇ ਪ੍ਰੈਸ ਨੂੰ ਜਾਰੀ ਕਰਦਿਆਂ ਸੂਬਾ ਜਨਰਲ ਸਕੱਤਰ ਲਾਲ ਸਿੰਘ ਧਨੌਲਾ ਨੇ ਕਿਹਾ ਕਿ 11ਤੋਂ 13 ਦਸੰਬਰ ਤੱਕ ਯੂਨੀਅਨ ਦੀ ਮੈਂਬਰਸ਼ਿਪ ਮੁਹਿਮ ਕੀਤੀ ਜਾਵੇਗੀ ਇਹ ਦਿਨ ਯੂਨੀਅਨ ਦਾ ਸਥਾਪਨਾ ਦਿਵਸ ਵਜੋਂ ਮੈਂਬਰਸ਼ਿਪ ਕਰਕੇ ਮਨਾਇਆ ਜਾਵੇਗਾ। ਸੂਬਾਈ ਸਕੂਲਿੰਗ 20-21 ਦਸੰਬਰ ਨੂੰ ਜਲੰਧਰ ਵਿਖੇ ਹੋਵੇਗਾ। ਯੂਨੀਅਨ ਦੀ ਆਲ ਇੰਡੀਆ ਕਾਨਫਰੰਸ ਵਿੱਚ ਪੰਜਾਬ ਵਿਚੋਂ 23 ਸਾਥੀ ਸ਼ਾਮਲ ਹੋਣਗੇ। ਮੀਟਿੰਗ ਵਿੱਚ ਸਾਥੀ ਗੁਰਮੇਸ ਸਿੰਘ, ਬਲਵੀਰ ਸਿੰਘ ਸੁਹਾਵੀ, ਮਾ ਮੂਲ ਚੰਦ ਸਰਹਾਲੀ, ਹਰਬੰਸ ਸਿੰਘ ਧੂਤ, ਕੁਲਦੀਪ ਝਿੰਗੜ, ਜੋਗਿੰਦਰ ਲੜੋਆ, ਕਰਤਾਰ ਸਿੰਘ ਮਹੌਲੀ, ਅਮੀਂ ਸਿੰਘ ਬਠਿੰਡਾ, ਦਰਬਾਰਾ ਸਿੰਘ ਬੋਦਲੀ,ਚਾਨਣ ਸਿੰਘ ਪਹਿਲਵਾਨ ਕੇ, ਗੁਰਨਾਮ ਸਿੰਘ ਤਲਵੰਡੀ, ਜਸਵੀਰ ਸਿੰਘ ਝਬਾਲ, ਪਰਸੋਤਮ ਲਾਲ ਡਡਵਾਂ ਡਾ ਹਰਨੇਕ, ਸਿੰਘ ਕਲਿਆਣ, ਮੇਜਰ ਸਿੰਘ ਮੁਕਤਸਰ, ਠਾਕਰ ਸਿੰਘ ਫਰੀਦਕੋਟ, ਗੁਰਚਰਨ ਸਿੰਘ ਜਖੇਪਲ, ਮਾ ਮੁਰਾਰੀ ਲਾਲ, ਬਜਿੰਦਰ ਪੰਡਤ, ਹਰਪਾਲ ਸਿੰਘ ਭੈਣੀ ਤਰੇੜਾਂ ਆਦਿ ਸਾਥੀ ਹਾਜ਼ਰ ਸਨ।

ਚਾਹੜਕੇ ਬਲਾਕ ਭੋਗਪੁਰ ਦੀ ਸਰਪੰਚ ਊਸ਼ਾ ਰਾਣੀ ਸਸਪੈਂਡ

ਭੋਗਪੁਰ:-(ਗੁਰਪ੍ਰੀਤ ਸਿੰਘ ਭੋਗਲ)-ਪੰਜਾਬ ਸਰਕਾਰ ਨੇ ਘਪਲਿਆਂ ਕਰਕੇ ਪਿੰਡ ਚਾੜ੍ਹਕੇ ਬਲਾਕ ਭੋਗਪੁਰ ਜ਼ਿਲ੍ਹਾ ਜਲੰਧਰ ਦੀ ਸਰਪੰਚ ਊਸ਼ਾ ਰਾਣੀ ਨੂੰ ਸਸਪੈਂਡ ਕਰ ਦਿੱਤਾ ਹੈ। ਪਿੰਡ ਚਾੜ੍ਹਕੇ, ਬਲਾਕ ਭੋਗਪੁਰ, ਹਲਕਾ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਦੀ ਸਰਪੰਚ ਊਸ਼ਾ ਰਾਣੀ ਵੱਲੋਂ "ਹਰੇ ਦਰੱਖਤਾਂ ਨੂੰ ਸੁੱਕੇ ਦੱਸਕੇ ਅਤੇ ਜੰਗਲਾਤ ਵਿਭਾਗ ਤੋਂ ਬਿਨ੍ਹਾਂ ਰੇਟ ਨਿਰਧਾਰਤ ਕਰਵਾਏ ਕਰਵਾਈ ਗਈ ਬੋਲੀ" ਅਤੇ ਲਾਲ ਇੱਟ ਮਾੜੀ ਕਵਾਲਿਟੀ ਜੋ ਕੇ ਕਿਸੇ ਹੋਰ ਜ਼ਿਲ੍ਹੇ ਤੋਂ ਮੰਗਵਾ ਕੇ ਘੱਟ ਰੇਟ ਵਾਲੀ ਇੱਟ ਦੇ ਵੱਧ ਰੇਟ ਵਿਚ ਬਿੱਲ ਬਣਾਏ ਸਨ ਅਤੇ ਇੱਕ ਪਿੱਪਲ ਦਾ ਦਰੱਖਤ ਜੋ ਕਿ ਸਰਕਾਰੀ ਜ਼ਮੀਨ ਵਿੱਚ ਸੀ ਨੂੰ ਬਿਨ੍ਹਾਂ ਮਨਜੂਰੀ ਦੇ ਉਸ ਦੇ ਵੱਡੇ ਵੱਡੇ ਡਾਹਣੇ ਵੱਢਕੇ ਨੁਕਸਾਨ ਪਹੁੰਚਾਇਆ ਸੀ।

ਪਿੰਡ ਦੇ ਪੰਚਾਇਤ ਮੈਂਬਰਾਂ ਅਤੇ ਹੋਰ ਮੋਹਤਬਰ ਵਿਅਕਤੀਆਂ ਨੇ ਇਹਨਾਂ ਤਿੰਨ ਮਾਮਲੇਆਂ ਦੀ ਸ਼ਿਕਾਇਤ ਏ.ਡੀ.ਸੀ ਵਿਕਾਸ ਜਲੰਧਰ ਸਾਹਿਬ ਨੂੰ ਕੀਤੀ ਸੀ। ਇਸ ਸੰਬੰਧੀ ਉਸ ਵਕਤ ਖਬਰਾਂ ਵੱਖ ਵੱਖ ਅਖਬਾਰਾਂ ਵਿੱਚ ਵੀ ਲੱਗੀਆਂ ਸਨ। ਏ ਡੀ ਸੀ ਵਿਕਾਸ ਜਲੰਧਰ ਸਾਹਿਬ ਵੱਲੋਂ ਤਿੰਨ ਸ਼ਿਕਾਇਤਾਂ ਦੀ ਇਨਕੁਆਰੀ ਸੈਕਟਰੀ ਜ਼ਿਲ੍ਹਾ ਪ੍ਰੀਸ਼ਦ ਜਲੰਧਰ ਤੋਂ ਕਰਵਾਈ ਗਈ ਸੀ, ਜਿਸ ਵਿੱਚ ਸਰਪੰਚ ਊਸ਼ਾ ਰਾਣੀ ਦੋਸ਼ੀ ਪਾਈ ਗਈ ਸੀ। ਇਨਕੁਆਰੀਆਂ ਦੀ ਰਿਪੋਰਟ ਤਿਆਰ ਕਰ ਕੇ ਏ ਡੀ ਸੀ ਵਿਕਾਸ ਸਾਹਿਬ ਨੇ ਅਗਲੇਰੀ ਕਾਰਵਾਈ ਲਈ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਨੂੰ ਭੇਜ ਦਿੱਤਾ ਸੀ। ਇਨ੍ਹਾਂ ਇਨਕੁਆਰੀਆਂ ਨੂੰ ਅੱਜ ਲਗਪਗ ਇੱਕ ਸਾਲ ਅੱਠ ਮਹੀਨੇ ਦਾ ਲੰਮਾ ਸਮਾਂ ਬੀਤ ਚੁੱਕਿਆ ਸੀ। ਇਨ੍ਹਾਂ ਤਿੰਨ ਇਨਕੁਆਰੀਆਂ ਵਿੱਚ ਸਰਪੰਚ ਊਸ਼ਾ ਰਾਣੀ ਦੋਸ਼ੀ ਪਾਈ ਗਈ ਸੀ ਨੂੰ ਦੇਖਦੇ ਹੋਏ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਵੱਲੋਂ ਪਿੰਡ ਚਾਹੜਕੇ ਦੀ ਸਰਪੰਚ ਊਸ਼ਾ ਰਾਣੀ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਜਿਕਰਯੋਗ ਹੈ ਕਿ ਪਿਛਲੇ ਸਾਲ 2021 ਫਰਵਰੀ ਮਹੀਨੇ ਵਿੱਚ ਪਿੰਡ ਚਾੜ੍ਹਕੇ ਦੇ ਸ਼ਮਸ਼ਾਨਘਾਟ ਵਿਚ "ਹਰੇ ਖੜ੍ਹੇ ਦਰੱਖਤਾਂ" ਨੂੰ "ਸੁੱਕੇ ਦਰੱਖਤ" ਦੱਸਕੇ ਇਕ ਬੋਲੀ ਕਰਵਾਈ ਗਈ ਸੀ। ਇਹ ਬੋਲੀ ਸਰਕਾਰ ਤੋਂ ਜੰਗਲਾਤ ਵਿਭਾਗ ਤੋਂ ਬਿਨਾਂ ਰੇਟ ਲਗਵਾਏ ਹੀ ਆਪਸੀ ਮਿਲੀ ਭੁਗਤ ਨਾਲ ਕਰਵਾ ਦਿੱਤੀ ਗਈ ਸੀ! ਅਤੇ ਲਾਲ ਇੱਟਾਂ ਲਗਪਗ ਚਾਲੀ ਹਜਾਰ ਬਾਹਰੀ ਜਿਲ੍ਹੇ ਬੁਢਲਾਡੇ ਤੋਂ ਮਾੜੀ ਕੁਆਲਿਟੀ ਦੀਆਂ ਮੰਗਵਾਕੇ ਘੱਟ ਰੇਟ ਵਾਲੀਆਂ ਇੱਟਾਂ ਦੇ ਬਿਲ ਵੱਧ ਰੇਟ ਵਿੱਚ ਬਣਾਏ ਗਏ ਸਨ ਅਤੇ ਇੱਕ ਪਿੱਪਲ ਦਾ ਦਰੱਖਤ ਜੋ ਕੇ ਸਰਕਾਰੀ ਜ਼ਮੀਨ ਵਿਚ ਸੀ ਦੇ ਡਾਹਣਿਆਂ ਨੂੰ ਬਿਨਾਂ ਮਨਜੂਰੀ ਦੇ ਵੱਢਕੇ ਉਸ ਪਿੱਪਲ ਦੇ ਦਰੱਖਤ ਦਾ ਨੁਕਸਾਨ ਕੀਤਾ ਗਿਆ ਸੀ, ਜਦ ਕੇ ਪਿੱਪਲ ਦੇ ਦਰੱਖਤ ਨੂੰ ਸਰਕਾਰ ਦੀ ਮਨਜੂਰੀ ਤੋਂ ਬਿਨ੍ਹਾਂ ਵੱਢਿਆ ਨਹੀਂ ਜਾ ਸਕਦਾ। ਅੱਜ ਲਗਪਗ ਇੱਕ ਸਾਲ ਅੱਠ ਮਹੀਨੇ ਦਾ ਲੰਮਾ ਸਮਾਂ ਬੀਤਣ ਤੇ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਵੱਲੋਂ ਪਿੰਡ ਚਾਹੜਕੇ ਬਲਾਕ ਭੋਗਪੁਰ ਜ਼ਿਲਾ ਜਲੰਧਰ ਦੀ ਸਰਪੰਚ ਊਸ਼ਾ ਰਾਣੀ ਨੂੰ ਸਸਪੈਂਡ ਕਰ ਦਿੱਤਾ ਹੈ। ਇਸ ਸੰਬੰਧੀ ਜਦੋਂ ਸ਼ਿਕਾਇਤ ਕਰਤਾਵਾ ਮਨਦੀਪ ਸਿੰਘ ਮੰਨਾ ਮਝੈਲ ਅਤੇ ਪੰਚਾਇਤ ਮੈਂਬਰਾਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਨੇ ਇਸ ਲਈ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਬੇਸ਼ੱਕ ਇਸ ਦਾ ਨਤੀਜਾ ਕਾਫ਼ੀ ਸਮਾਂ ਬਾਅਦ ਆਇਆ ਹੈ ਪਰ ਅਸੀਂ ਪੰਜਾਬ ਸਰਕਾਰ ਅਤੇ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ ਦਾ ਧੰਨਵਾਦ ਕਰਦੇ ਹਾਂ ਕਿ ਉਨ੍ਹਾਂ ਨੇ ਸਰਪੰਚ ਊਸ਼ਾ ਰਾਣੀ ਨੂੰ ਸਸਪੈਂਡ ਕੀਤਾ ਹੈ ਉਨ੍ਹਾਂ ਨੇ ਕਿਹਾ ਕਿ ਇਸ ਮਸਲੇ ਵਿਚ ਸੱਚਾਈ ਦੀ ਜਿੱਤ ਹੋਈ ਹੈ ਕਿਉਂਕਿ ਸਰਪੰਚ ਊਸ਼ਾ ਰਾਣੀ ਮਨਦੀਪ ਸਿੰਘ ਮੰਨਾ ਮਝੈਲ ਅਤੇ ਨਾਲ ਦੇ ਸ਼ਿਕਾਇਤ ਕਰਤਾਵਾਂ ਨੂੰ ਪਿੰਡ ਵਿਚ ਝੂਠੇ ਦੱਸਦੀ ਸੀ ਅਤੇ ਕਹਿੰਦੀ ਸੀ ਕਿ ਮੇਰੇ ਵਿਰੁੱਧ ਝੂਠੀਆਂ ਦਰਖਾਸਤਾਂ ਦਿੰਦੇ ਹਨ ਅਤੇ ਪਿੰਡ ਦੇ ਵਿਕਾਸ ਦੇ ਕੰਮ ਰੋਕਦੇ ਹਨ, ਪਰ ਅੱਜ ਇਹ ਫੈਸਲਾ ਸੁਣ ਕੇ ਲੋਕਾਂ ਦੀਆਂ ਅੱਖਾਂ ਖੁੱਲ੍ਹ ਗਈਆਂ ਹਨ।

ਅੱਖਾਂ ਦਾ ਮੁਫਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ ਸ਼ੁਰੂ

ਹੁਸ਼ਿਆਰਪੁਰ (ਓ.ਪੀ.ਰਾਣਾ) ਸੰਤ ਬਾਬਾ ਪ੍ਰੀਤਮ ਦਾਸ ਮੈਮੋਰੀਅਲ ਚੈਰੀਟੇਬਲ ਹਸਪਤਾਲ ਰਾਏਪੁਰ ਰਸੂਲਪੁਰ (ਜਲੰਧਰ) ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅੱਖਾਂ ਦਾ 68ਵਾਂ ਮੁਫਤ ਚੈਕਅੱਪ ਅਤੇ ਅਪ੍ਰੇਸ਼ਨ ਕੈਂਪ ਸੰਤ ਨਿਰਮਲ ਦਾਸ ਚੇਅਰਮੈਨ (ਸੰਤ ਪ੍ਰੀਤਮ ਦਾਸ ਮੈਮੋਰੀਅਲ ਹਸਪਤਾਲ ਰਾਏਪੁਰ ਰਸੂਲਪੁਰ) ਦੀ ਸਰਪ੍ਰਸਤੀ ਹੇਠ ਸੰਗਤਾਂ ਦੇ ਭਾਰੀ ਇਕੱਠ ਵਿੱਚ ਅਰਦਾਸ ਤੋਂ ਉਪਰੰਤ ਸ਼ੁਰੂ ਹੋਇਆ, ਜਿਸਦਾ ਉਦਘਾਟਨ ਸੰਤ ਸਰਵਣ ਦਾਸ ਜੀ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ (ਰਜਿ.) ਪੰਜਾਬ, ਸੰਤ ਨਿਰਮਲ ਦਾਸ ਬਾਬੇਜੌੜੇ ਪ੍ਰਧਾਨ, ਸ਼ੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ ਭਾਰਤ, ਸੁੱਚਾ ਸਿੰਘ ਬੇਗਲ, ਬੀਬੀ ਅਮਰ ਕੌਰ ਬੇਗਲ, ਡਾ.ਜਸਵੰਤ ਸਿੰਘ ਸੋਹਲ, ਰਜਿੰਦਰ ਸਿੰਘ, ਗੁਰਮੀਤ ਸਿੰਘ,ਮਨਜੀਤ ਸਿੰਘ, ਰਵਿੰਦਰ ਸਿੰਘ ਸਮੂਹ ਇੰਗਲੈਂਡ ਨਿਵਾਸੀ ਬੇਗਲ ਪਰਿਵਾਰ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਇਸ ਕੈਂਪ ਦੀ ਸੇਵਾ ਸਮੂਹ ਯੂ.ਕੇ.ਵਾਸੀ ਬੇਗਲ ਪਰਿਵਾਰ ਵਲੋਂ ਬੜੀ ਸ਼ਰਧਾ ਨਾਲ ਨਿਭਾਈ ਜਾ ਰਹੀ ਹੈ। ਇਸ ਮੌਕੇ ਕੈਂਪ ਸੰਬੰਧੀ ਜਾਣਕਾਰੀ ਦਿੰਦਿਆਂ ਸੰਤ ਨਿਰਮਲ ਦਾਸ ਜੀ ਨੇ ਦੱਸਿਆ ਕਿ ਕੈਂਪ ਵਿੱਚ ਡਾ. ਮਨਦੀਪ ਸੂਦ, ਡਾ.ਅਮਨਦੀਪ ਔਜਲਾ, ਡਾ.ਰਮਨ ਭਗਤ, ਡਾ.ਆਰ.ਐਲ.ਗੁਪਤਾ ਆਦਿ ਡਾਕਟਰਾਂ ਦੀ ਮਾਹਿਰ ਟੀਮ ਵਲੋਂ 4500 ਮਰੀਜਾਂ ਦੀ ਜਾਂਚ ਕੀਤੀ ਗਈ ਜਿਨਾਂ ਵਿੱਚੋਂ ਕਰੀਬ ਦੋ ਹਜਾਰ ਮਰੀਜਾਂ ਦੇ ਲੈਂਜ ਪਾਉਣ ਅਤੇ ਅਪ੍ਰੇਸ਼ਨ ਕਰਾਉਣ ਲਈ ਚੋਣ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਢਾਈ ਹਜਾਰ ਮਰੀਜਾਂ ਨੂੰ ਜਾਂਚ ਕਰਕੇ ਮੁਫਤ ਦਵਾਈਆਂ ਦਿੱਤੀਆਂ ਗਈਆਂ ਹਨ। ਕੈਂਪ ਦੌਰਾਨ ਦੋ ਸੌ ਲੋਕਾਂ ਵਲੋਂ ਅੱਖਾਂ ਦਾਨ ਕਰਕੇ ਪ੍ਰਮਾਣ ਪੱਤਰ ਹਾਂਸਲ ਕੀਤੇ। ਇਸ ਸਮੇਂ ਸੰਤ ਨਿਰਮਲ ਦਾਸ ਜੀ ਨੇ ਦੱਸਿਆ ਕਿ ਇਸ ਮਹਾਨ ਕਾਰਜ ਲਈ ਸਮੂਹ ਇੰਗਲੈਂਡ ਨਿਵਾਸੀ ਬੇਗਲ ਪਰਿਵਾਰ ਵਧਾਈ ਦਾ ਪਾਤਰ ਹੈ ਜੋ ਕਿ ਵਿਦੇਸ਼ਾਂ ਵਿੱਚ ਰਹਿ ਕੇ ਵੀ ਆਪਣੇ ਦੇਸ਼ ਦੇ ਲੋਕਾਂ ਨੂੰ ਅਥਾਹ ਪਿਆਰ ਕਰਦੇ ਹਨ ਅਤੇ ਇਨਾਂ ਪਰਿਵਾਸੀ ਭਾਰਤੀਆਂ ਵਲੋਂ ਹਜਾਰਾਂ ਹਨੇਰੀਆਂ ਜਿੰਦਗੀਆਂ ਨੂੰ ਰੋਸ਼ਨੀ ਪ੍ਰਦਾਨ ਕਰਨ ਦਾ ਮਹਾਨ ਕਾਰਜ ਪਿਛਲੇ ਕਈ ਦਹਾਕਿਆਂ ਤੋਂ ਸ਼ੁਰੂ ਕੀਤਾ ਹੋਇਆ ਹੈ। ਇਸ ਸਮੇਂ ਸ਼ੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ ਨੇ ਸਮੂਹ ਸੰਤਾਂ ਮਹਾਂਪੁਰਸ਼ਾਂ,ਬੇਗਲ ਪਰਿਵਾਰ , ਡਾਕਟਰਾਂ, ਨਰਸਾਂ, ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਜਿਨਾਂ ਨੇ ਇਸ ਮਹਾਨ ਮਹਾਂਯੱਗਾ ਵਿੱਚ ਪਹੁੰਚਕੇ ਵੱਡਾ ਸਹਿਯੋਗ ਦਿੱਤਾ। ਇਸ ਸਮੇਂ ਸੰਤ ਧਰਮਪਾਲ ਸ਼ੇਰਗੜ,ਸੰਤ ਜਗੀਰ ਸਿੰਘ ਮਕਸੂਦਾਂ,ਸੰਤ ਰਾਮ ਸਰੂਪ ਗਿਆਨੀ,ਸੰਤ ਪਰਗਟ ਨਾਥ ਉਘੀ ਚਿੱਟੀ, ਮੈਂਬਰ ਪਾਰਲੀਮੈਂਟ ਚੌਧਰੀ ਸ਼ੰਤੋਖ ਸਿੰਘ,ਗਿਆਨ ਚੰਦ ਦੀਪਾਲੀ ਮੈਂਬਰ ਐਸ ਸੀ ਕਮਿਸ਼ਨ, ਨੰਬਰਦਾਰ ਬੀਰ ਚੰਦ ਸੁਰੀਲਾ, ਪੰਜਾਬੀ ਗਾਇਕ ਦਵਿੰਦਰ ਦਿਆਲਪੁਰੀ, ਸੇਵਾਮੁਕਤ ਮੈਨੇਜਰ ਰੇਸ਼ਮ ਸਿੰਘ ਭੱਟੀ, ਮਦਨ ਜਲੰਧਰੀ, ਨਿਰਮਲ ਮਹੇ ਯੂ ਕੇ, ਸੁਰਜੀਤ ਕੌਰ ਨਿਊਜ਼ੀਲੈਂਡ ਵੀ ਹਾਜ਼ਰ ਸਨ।

ਜਲ ਸਪਲਾਈ ਮਹਿਕਮੇ ਦੇ ਇਨਲਿਸਟਮੈਂਟ/ਆਊਟਸੋਰਸ ਮੁਲਾਜ਼ਮ ਅੱਜ-ਭਲਕੇ ਸਮੂਹਿਕ ਛੁੱਟੀ 'ਤੇ ਜਾਣਗੇ : ਜਿੰਦਬੜੀ

ਨੰਗਲ (ਸੁਰਜੀਤ ਸਿੰਘ) - ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਜ਼ਿਲ੍ਹਾ ਰੋਪੜ ਦੇ ਸੂਬਾ ਆਗੂ ਤੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਜਿੰਦਬੜੀ ਤੇ ਜਨਰਲ ਸਕੱਤਰ ਵਰਿੰਦਰ ਸਿੰਘ ਬੰਟੀ ਨੇ ਕਿਹਾ ਕਿ ਸਮੂਹ ਸਰਕਾਰੀ ਵਿਭਾਗਾਂ 'ਚ ਬਤੌਰ ਇੰਨਲਿਸਟਮੈਂਟ/ਆਊਟਸੋਰਸ ਠੇਕਾ ਅਧਾਰਤ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਪਿੱਤਰੀ ਵਿਭਾਗਾਂ ਵਿਚ ਮਰਜ ਕਰਕੇ ਪੱਕਾ ਰੁਜ਼ਗਾਰ ਕਰਵਾਉਣ ਲਈ 'ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ' ਦੇ ਸੱਦੇ 'ਤੇ 15 ਅਤੇ 16 ਨਵੰਬਰ ਨੂੰ ਸਮੂਹਿਕ ਛੁੱਟੀ 'ਤੇ ਜਾਣ ਦਾ ਸੰਘਰਸ਼ ਦਾ ਐਲਾਨ ਕੀਤਾ ਹੋਇਆ ਹੈ। ਇਸ ਸੰਘਰਸ਼ 'ਚ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੀ ਅਗੁਵਾਈ ਹੇਠ ਜਲ ਸਪਲਾਈ ਜ਼ਿਲ੍ਹਾ ਰੋਪੜ ਦੀਆ ਸਮੂਹ ਬ੍ਰਾਂਚਾਂ ਦੇ ਕਾਮੇ ਵੀ ਹਿੱਸਾ ਲੈਣਗੇ ਅਤੇ 14 ਨਵੰਬਰ ਨੂੰ ਸਮੂਹਿਕ ਛੁੱਟੀ ਜ਼ਿਲੇ ਵਿੱਚ ਭਰ ਕੇ ਦੇਣਗੇ ਅਤੇ 15-16 ਨਵੰਬਰ ਨੂੰ ਡਵੀਜ਼ਨ ਅਤੇ ਸਬ ਡਵੀਜ਼ਨ ਪੱਧਰੀ ਧਰਨੇ ਦੇਣਗੇ।ਉਨ੍ਹਾਂ ਕਿਹਾ ਕਿ ਇੰਨਲਿਸਟਮੈਟ ਅਤੇ ਆਊਟਸੋਰਸ ਮੁਲਾਜ਼ਮ ਜੋ ਕਿ ਸੇਵਾ ਦੇ ਅਦਾਰਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ 'ਚ ਪਿਛਲੇ ਲੰਬੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ, ਜਿਹੜੀਆਂ ਸੇਵਾਵਾਂ ਸਾਡੇ ਸਮਾਜ ਦੇ ਲੋਕਾਂ ਦੀ ਪੀਣ ਵਾਲੇ ਪਾਣੀ ਦੀ ਬੁਨਿਆਦੀ ਸਹੂਲਤ ਹੈ। ਜਿਸ ਦੀ ਸਾਡੇ ਸਮਾਜ ਨੂੰ ਜ਼ਿੰਦਗੀ ਜਿਓਣ ਲਈ ਸਥਾਈ ਲੋੜ ਹੈ। ਇਹਨਾਂ ਸੇਵਾਵਾਂ ਦੀ ਸਥਾਈ ਲੋੜ ਹੋਣ ਕਰਕੇ ਕਾਮਿਆਂ ਦਾ ਰੁਜ਼ਗਾਰ ਵੀ ਪੱਕਾ ਹੋਣਾ ਜ਼ਰੂਰੀ ਹੈ ਪਰ ਭਾਰਤੀ ਕਾਨੂੰਨ ਵਿਵਸਥਾ ਮੁਤਾਬਕ ਵੀ ਇਹ

15-NOV-PAGE-9.qxd 11/14/2022 10:29 PM Page 1

ਪੁਨਰਜੋਤ ਫਗਵਾੜਾ ਟੀਮ ਦਾ ਰਾਜ ਪੱਧਰੀ ਸਮਾਗਮ 'ਚ ਵਿਸ਼ੇਸ਼ ਸਨਮਾਨ

ਫਗਵਾੜਾ (ਡਾ. ਰਮਨ)-ਉੱਤਰੀ ਭਾਰਤ ਦੀ ਮੋਢੀ ਆਈ ਬੈਂਕ ਪੁਨਰਜੋਤ ਵੱਲੋਂ ਸਾਲਾਨਾ ਸਮਾਗਮ ਰਮੇਸ਼ ਆਈ ਹਸਪਤਾਲ ਲੁਧਿਆਣਾ ਵਿੱਚ ਕਰਵਾਇਆ ਗਿਆ। ਪੁਨਰਜੋਤ ਆਈ ਬੈਂਕ ਦੇ ਆਨਰੇਰੀ ਸੈਕਟਰੀ ਸੁਭਾਸ ਮਲਿਕ ਵੱਲੋਂ ਪ੍ਰੋਗਰਾਮ ਦਾ ਆਰੰਭ ਪੂਰੇ ਪੰਜਾਬ ਤੋਂ ਆਏ ਕੋ - ਆਰਡੀਨੇਟਰਾਂ ਨੂੰ ਜੀ ਆਇਆ ਕਰਨ ਤੋਂ ਬਾਅਦ ਕੀਤਾ । ਆਈ ਬੈਂਕ ਦੇ ਕੋ - ਅਰਡੀਨੇਟਰ ਰਛਪਾਲ ਸਿੰਘ ਵੱਲੋਂ ਦਾਨ ਕੀਤੀਆਂ ਅੱਖਾਂ ਦੀ ਸੰਭਾਲ ਅਤੇ ਆਈ ਬੈਂਕ ਤੱਕ ਪਹੁੰਚਾਉਣ ਲਈ ਤਕਨੀਕੀ ਨੁਕਤਿਆਂ ਤੇ ਵਿਚਾਰ ਪੇਸ਼ ਕੀਤੇ । ਉਹਨਾਂ ਵੱਲੋਂ ਆਈ ਬੈਂਕ ਦੀ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਦੱਸਿਆ ਗਿਆ ਕਿ ਸਾਲ 2022 ਵਿੱਚ ਹੁਣ ਤੱਕ 124 ਅੱਖਾਂ ਦਾਨ ਹੋਈਆਂ ਹਨ। ਪੁਨਰਜੋਤ ਦੇ ਡਾਇਰੈਕਟਰ ਡਾ : ਰਮੇਸ਼ ਵੱਲੋਂ ਆਪਣੇ ਸੰਬੋਧਨ ਰਾਂਹੀ ਪੁਨਰਜੋਤ ਕੋ -ਆਰਡੀਨੇਟਰਾਂ ਨੂੰ ਉਹਨਾਂ ਵੱਲੋਂ ਪੂਰੇ ਪੰਜਾਬ ਵਿੱਚ ਕੀਤੀ ਜਾ ਰਹੀ ਨਿਸਕਾਮ ਸੇਵਾ ਲਈ ਧੰਨਵਾਦ ਕੀਤਾ ਉਹਨਾਂ ਦੱਸਿਆ ਕਿ ਹੁਣ ਤੱਕ ਪੁਨਰਜੋਤ ਕੋਲ 7738 ਅੱਖਾਂ ਦਾਨ ਹੋ ਚੁੱਕੀਆਂ ਹਨ ਅਤੇ 5385 ਫਰੀ ਕੋਰਨੀਅਲ ਟਰਾਂਸਪਲਾਂਟ ਕੀਤੇ ਜਾ ਚੁੱਕੇ ਹਨ। ਪੁਨਰਜੋਤ ਦੇ ਅੰਤਰਰਾਸ਼ਟਰੀ ਕੋ - ਅਰਡੀਨੇਟਰ ਅਸ਼ੋਕ ਮਹਿਰਾ ਜੀ ਵੱਲੋਂ ਸਾਰੇ ਕੋ-ਆਰਡੀਨੇਟਰਾਂ ਦੀ ਸੇਵਾ ਨੂੰ ਸਲਾਮ ਕਰਦਿਆਂ ਕਿਹਾ ਕਿ ਤੁਸੀਂ ਨੇਤਰਹੀਣਾਂ ਦੀਆਂ ਜਿੰਦਗੀਆਂ ਨੂੰ ਰੋਸਨ ਕਰਕੇ ਇਨਸਾਨੀਅਤ ਦੀ ਸੇਵਾ ਵਿੱਚ ਬਹੁਤ ਵਡਮੁੱਲਾ ਯੋਗਦਾਨ ਪਾ ਰਹੇ ਹੋ । ਉਹਨਾਂ ਨੇ ਸਰਕਾਰ ਤੋਂ ਅੱਖਾਂ, ਅੰਗ ਅਤੇ ਖੂਨ ਦਾਨ ਤੇ ਇੱਕ ਜਾਣਕਾਰੀ ਅਤੇ ਜਾਗਰੂਕਤਾ ਭਰਪੂਰ ਲੇਖ 10 + 2 ਦੇ ਸਿਲੇਬਸ ਵਿੱਚ ਸਾਮਿਲ ਕਰਨ ਲਈ ਮੰਗ ਕੀਤੀ। ਇਸ ਮੀਟਿੰਗ ਵਿੱਚ ਆਈ ਬੈਂਕ ਦੀ ਕਰਜਸ਼ੈਲੀ ਨੂੰ ਸੁਚਾਰੂ ਅਤੇ ਹੋਰ ਬਿਹਤਰ ਕਰਨ ਲਈ ਫਾਜਿਲਕਾ, ਲੁਧਿਆਣਾ, ਅਮ੍ਰਿਤਸਰ, ਕਪੂਰਥਲਾ, ਨਵਾਂ ਸ਼ਹਿਰ, ਬਰਨਾਲਾ, ਅਹਿਮਦਗੜ, ਮਹਿਤਪੁਰ, ਫਗਵਾੜਾ, ਮਲੇਰਕੋਟਲਾ, ਸੰਗਰੂਰ, ਬਰੇਟਾ ਦੇ ਸਾਰੇ ਸਤਿਕਾਰਯੋਗ ਕੋ - ਆਰਡੀਨੇਟਰਾਂ ਵੱਲੋਂ ਵਿਚਾਰ-ਵਟਾਂਦਰਾ ਕਰਕੇ ਕਈ ਅੱਛੇ ਸੁਝਾਅ ਦਿੱਤੇ ਗਏ। ਸਮਾਗਮ ਵਿੱਚ ਮੁੱਖ ਮਹਿਮਾਨ ਮਨੁੱਖਤਾ ਦੀ ਸੇਵਾ ਸਭ ਤੋਂ ਉੱਚੀ ਸੇਵਾ ਲੁਧਿਆਣਾ ਦੇ ਮੁੱਖ ਸੰਚਾਲਕ ਗੁਰਪ੍ਰੀਤ ਸਿੰਘ ਮਿੱਠੂ ਮਾਲਵਾ ਜੀ ਨੇ ਪੰਜਾਬ ਭਰ ਤੋਂ ਪਹੁੰਚੇ ਪੁਨਰਜੋਤ ਕੋ - ਆਰਡੀਨੇਟਰਾਂ ਦੀ ਸੇਵਾ ਲਈ ਸ਼ਲਾਘਾ ਕੀਤੀ। ਪੁਨਰਜੋਤ ਵੈਲਫੇਅਰ ਸੁਸਾਇਟੀ ਫਗਵਾੜਾ ਵੱਲੋਂ ਇੱਕ ਲੱਖ ਲੋਕਾਂ ਦੇ ਅੱਖਾਂ ਦਾਨ ਦੇ ਪ੍ਰਣ ਪੱਤਰ ਭਰਨ ਲਈ ਵਿਸੇਸ ਸਨਮਾਨ ਨਾਲ ਨਿਵਾਜਿਆ ਗਿਆ । ਅਸੋਕ ਮਹਿਰਾ ਨੇ ਦੱਸਿਆ ਕਿ ਸਾਡੀਆਂ ਅੱਖਾਂ ਮਰਨ ਤੋਂ ਬਾਅਦ ਵੀ 6 ਘੰਟੇ ਤੱਕ ਜਿੰਦਾ ਰਹਿੰਦੀਆਂ ਹਨ ਅਤੇ ਜੇਕਰ ਸਮੇਂ ਸਿਰ ਦਾਨ ਹੋ ਜਾਣ ਤਾਂ ਦੋ ਤੋਂ ਚਾਰ ਨੇਤਰਹੀਣਾਂ ਨੂੰ ਰੌਸ਼ਨੀ ਮਿਲ ਸਕਦੀ ਹੈ।

ਸ਼ੂਗਰ ਕਈ ਖਤਰਨਾਕ ਬਿਮਾਰੀਆਂ ਨੂੰ ਦਿੰਦੀ ਹੈ ਜਨਮ : ਡਾ. ਗੁਰਿੰਦਰਬੀਰ ਕੌਰ

ਫਿਲੌਰ (ਡਾ. ਰਮਨ) ਡਾਇਬੀਟਿਜ ਦਾ ਖਤਰਾ ਪਿਛਲੇ ਇੱਕ ਦਹਾਕੇ ਵਿੱਚ ਕਾਫੀ ਤੇਜੀ ਨਾਲ ਵਧਦਾ ਹੋਇਆ ਦਿਖਾਈ ਦਿੱਤਾ। ਹੁਣ 40 ਸਾਲਾਂ ਦੇ ਵਿਅਕਤੀਆਂ ਤੋਂ ਲੈ ਕੇ ਬੱਚਿਆਂ ਤੱਕ ਵੀ ਡਾਇਬੀਟੀਜ ਨਾਲ ਪੀੜ੍ਹਤ ਪਾਏ ਜਾ ਰਹੇ ਹਨ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਕਪੂਰਥਲਾ ਡਾ ਗੁਰਿੰਦਰਬੀਰ ਕੌਰ ਨੇ ਵਿਸ਼ਵ ਡਾਇਬੀਟੀਜ਼ ਦਿਵਸ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਡਾਇਬੀਟੀਜ਼ ਸਰੀਰ ਵਿੱਚ ਕਈ ਤਰ੍ਹਾਂ ਦੀਆਂ ਗੰਭੀਰ ਸਮੱਸਿਆਵਾਂ ਦੇ ਕਾਰਨ ਬਣ ਸਕਦੀ ਹੈ। ਸਿਵਲ ਸਰਜਨ ਡਾ. ਗੁਰਿੰਦਰਬੀਰ ਕੌਰ ਨੇ ਦੱਸਿਆ ਕਿ ਡਾਇਬਿਟਿਜ਼ ਦੇ ਮਰੀਜਾਂ ਦੀ ਗਿਣਤੀ ਦੁਨੀਆ ਭਰ ਵਿਚ ਵਧਦੇ ਜਾ ਰਹੇ ਹੈ ਜੋ ਕਿ ਚਿੰਤਾ ਦਾ ਵਿਸਾ ਹੈ।

ਉਨ੍ਹਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਮੁਤਾਬਕ ਦੁਨੀਆ ਭਰ ਵਿੱਚ ਹਰ ਸਾਲ ਡਾਇਬਿਟਿਜ ਤੋਂ ਕਰੀਬ 40 ਲੱਖ ਮੌਤਾਂ ਹੁੰਦੀਆਂ ਹਨ। ਇਸ ਲਈ ਗਲੋਬਲ ਪੱਧਰ 'ਤੇ ਲੋਕਾਂ ਨੂੰ ਸੂਗਰ (ਡਾਇਬੀਟੀਜ਼) ਬਾਰੇ, ਇਲਾਜ, ਨਿਦਾਨ ਬਾਰੇ ਦੱਸਣਾ, ਦੇਖਭਾਲ ਬਾਰੇ ਲੋਕਾਂ ਨੂੰ ਹਰ ਸਾਲ 14 ਨਵੰਬਰ ਨੂੰ ਵਰਲਡ ਡਾਇਬੀਟੀਜ ਡੇ (ਵਿਸਵ ਸੂਗਰ ਦਿਵਸ ਕਦੋਂ ਮਨਾਇਆ ਜਾਂਦਾ ਹੈ) ਮਨਿਆ ਜਾ ਰਿਹਾ ਹੈ ਸਿਵਲ ਸਰਜਨ ਡਾ ਗੁਰਿੰਦਰਬੀਰ ਕੌਰ ਨੇ ਦੱਸਿਆ ਕਿ ਡਾਇਬਟੀਜ ਸੂਗਰ ਰੋਗ ਬਾਰੇ ਸੁਚੇਤ ਰਹਿਕੇ ਹੀ ਅਸੀਂ ਇਸ ਬਿਮਾਰੀ ਤੋਂ ਬੱਚ ਸਕਦੇ ਹਾਂ। ਸੂਗਰ ਦੀ ਬਿਮਾਰੀ ਤੋਂ ਗ੍ਰਸਤ 2 ਵਿੱਚੋ 1 ਮਨੁੱਖ ਬਿਨਾਂ ਜਾਂਚ ਤੋਂ ਹੈ, ਸ਼ੂਗਰ ਦੀ ਬਿਮਾਰੀ ਦੇ ਇਹ ਲੱਛਣ ਹਨ ਬਾਰ-ਬਾਰ ਪਿਸਾਬ ਆਉਣਾ, ਬਹੁਤ ਜਿਆਦਾ ਭੁੱਖ ਲੱਗਣਾ, ਬਾਰ-ਬਾਰ ਪਿਆਸ ਲੱਗਣਾ, ਥਕਾਵਟ ਅਤੇ ਕਮਜ਼ੋਰੀ ਹੋਣਾ, ਬਾਰ-ਬਾਰ ਲਾਗ ਹੋਣਾ, ਜਖਮ ਦਾ ਦੇਰੀ ਨਾਲ ਠੀਕ ਹੋਣਾ, ਉਨ੍ਹਾਂ ਕਿਹਾ ਕਿ ਇਸ ਬਿਮਾਰੀ ਬਾਰੇ ਖੂਨ ਵਿੱਚ ਸੂਗਰ ਦੀ ਮਾਤਰਾ ਤੋਂ ਪਤਾ ਲਗਾਇਆ ਜਾ ਸਕਦਾ ਹੈ ਜੋ ਕਿ ਖਾਲੀ ਪੇਟ ਸੂਗਰ ਦੀ ਮਾਤਰਾ 126,ਖਾਣਾ ਖਾਣ ਤੋਂ 2 ਘੰਟੇ ਬਾਅਦ 200 ਹੋਣੀ ਚਾਹੀਦੀ ਹੈ। ਸਿਵਲ ਸਰਜਨ ਡਾ ਗੁਰਿੰਦਰਬੀਰ ਕੌਰ ਨੇ ਦੱਸਿਆ ਕਿ ਜਿਲ੍ਹੇ ਦੀਆਂ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਵਿਸ਼ਵ ਡਾਇਬੀਟੀਜ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ ਕਰਵਾਏ ਜਾ ਰਹੇ ਹਨ। ਇਹਨਾਂ ਕਾਰਨਾਂ ਕਰਕੇ ਸ਼ੂਗਰ ਦੀ ਬਿਮਾਰੀ ਤੋਂ ਬਚਾਅ ਕੀਤਾ ਜਾ ਸਕਦਾ ਹੈ ਘਿਓ, ਤੇਲ, ਮੈਦਾ ਤੇ ਚੀਨੀ ਦੀ ਵਰਤੋਂ ਘੱਟ ਕਰੋ, ਰੋਜਾਨਾ ਜਿਆਦਾ ਫਲ ਅਤੇ ਸਬਜੀਆਂ ਦਾ ਸੇਵਨ ਕਰੋ, ਰੋਜ਼ਾਨਾ ਅੱਧਾ ਘੰਟਾਂ ਸੈਰ ਕਰੋ ਅਤੇ ਹਫਤੇ ਵਿੱਚ ਘੱਟੋ-ਘੱਟ 5 ਦਿਨ ਕਸਰਤ ਕਰੋ, ਬੀੜੀ-ਸਿਗਰਟ ਦੀ ਵਰਤੋਂ ਨਾ ਕਰੋ, ਆਪਣੇ ਸਰੀਰ ਦਾ ਵਜਨ ਸੰਤੁਲਿਤ ਰੱਖੋ ਇਹ ਸਭ ਪ੍ਰਹੇਜ ਕਰਨ ਅਤੇ ਖਾਣ-ਪੀਣ ਸਹੀ ਸਮੇਂ ਤੇ ਕਰਨ ਨਾਲ ਸੂਗਰ ਦੀ ਬਿਮਾਰੀ ਤੋਂ ਲੰਬੇ ਸਮੇਂ ਤੱਕ ਆਪਣੇ ਸਰੀਰ ਦਾ ਬਚਾਅ ਕੀਤਾ ਜਾ ਸਕਦਾ ਹੈ।

ਰੇਲ ਗੱਡੀ ਦੀ ਲਪੇਟ 'ਚ ਆਉਣ ਨਾਲ ਔਰਤ ਦੀਆਂ ਦੋਵੇਂ ਲੱਤਾਂ ਟੁੱਟੀਆਂ

ਫਿਲੌਰ (ਨਿਰਮਲ) ਫਿਲੌਰ ਨੇੜੇ ਇੱਕ 38-40 ਸਾਲਾ ਔਰਤ ਰੇਲਵੇ ਲਾਈਨਾਂ ਪਾਰ ਕਰਦੀ ਹੋਈ ਰੇਲ ਗੱਡੀ (ਡੀ ਐਮ ਯੂ) ਦੀ ਲਪੇਟ ਵਿਚ ਆ ਗਈ, ਜਿਸ ਕਾਰਨ ਉਸ ਦੀਆਂ ਦੋਵੇਂ ਲੱਤਾਂ ਬੁਰੀ ਤਰ੍ਹਾਂ ਟੁੱਟ ਭੱਜ ਗਈਆਂ ਤੇ ਲੱਕ ਟੁੱਟ ਗਿਆ। ਰੇਲਵੇ ਪੁਲਸ ਚੌਕੀ ਫਿਲੌਰ ਦੇ ਥਾਣੇਦਾਰ ਸਤਨਾਮ ਸਿੰਘ, ਸਿਪਾਹੀ ਰਾਜਿੰਦਰ ਕੁਮਾਰ ਅਤੇ ਕਮਲਜੀਤ ਸਿੰਘ ਫੌਰੀ ਤੌਰ 'ਤੇ ਮੌਕੇ 'ਤੇ ਪੁੱਜੇ ਅਤੇ ਉਸ ਨੂੰ 108 ਐਂਬੂਲੈਂਸ ਮੰਗਵਾ ਕੇ ਸਿਵਲ ਹਸਪਤਾਲ ਫਿਲੌਰ ਦਾਖਲ ਕਰਵਾਇਆ । ਡਾਕਟਰਾਂ ਮੁਤਾਬਕ ਉਸ ਦੀਆਂ ਦੋਵੇਂ ਲੱਤਾਂ ਅਤੇ ਲੱਕ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਥਾਣੇਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਪਲੇਟਫਾਰਮ 'ਤੇ ਡਿਊਟੀ ਦੇ ਰਹੇ ਪੁਲਸ ਕਰਮਚਾਰੀ ਕਮਲਜੀਤ ਸਿੰਘ ਤੁਰੰਤ ਮੌਕੇ 'ਤੇ ਪੁੱਜੇ ਅਤੇ ਡੀ ਐਮ ਯੂ ਗੱਡੀ ਹੇਠਾਂ ਫਸੀ ਔਰਤ ਨੂੰ ਬਾਹਰ ਕੱਢਿਆ। ਜ਼ਖਮੀ ਔਰਤ ਦਾ ਨਾਂਅ ਪ੍ਰਵੀਨ (40) ਪਤਨੀ ਸੰਜੇ ਵਾਸੀ ਖੱਡ ਮੁਹੱਲਾ ਜਗਤਪੁਰਾ ਫਿਲੌਰ ਹੈ। ਔਰਤ ਦੀ ਹਾਲਤ ਗੰਭੀਰ ਹੋਣ ਕਾਰਨ ਡਾਕਟਰਾਂ ਨੇ ਉਸ ਨੂੰ ਸਿਵਲ ਹਸਪਤਾਲ ਜਲੰਧਰ ਰੈਫਰ ਕਰ ਦਿੱਤਾ।

ਫਿਲੌਰ ਤੋਂ ਨੂਰਮਹਿਲ-ਨਕੋਦਰ ਜਾਣ ਲਈ ਰੇਲਵੇ ਲਾਈਨਾਂ 'ਤੇ ਓਵਰ ਬ੍ਰਿਜ ਬਣਾਉਣ ਦੀ ਮੰਗ

ਫਿਲੌਰ (ਨਿਰਮਲ) ਅੰਮ੍ਰਿਤਸਰ-ਦਿੱਲੀ ਡਬਲ ਲਾਈਨ 'ਤੇ ਫਿਲੌਰ ਵਿਖੇ ਨੂਰਮਹਿਲ ਨਕੋਦਰ ਜਾਣ ਲਈ ਰੇਲਵੇ ਫਾਟਕ ਇੱਕ ਮਾਤਰ ਰਸਤਾ ਹੈ ਜੋ ਕਿ ਅਕਸਰ ਬੰਦ ਰਹਿੰਦਾ ਹੈ। ਜਿਸ ਕਾਰਨ ਇੱਧਰ ਨੂੰ 100 ਤੋਂ ਵੱਧ ਪਿੰਡਾਂ ਦੇ ਨਿਵਾਸੀਆਂ ਅਤੇ ਨੂਰਮਹਿਲ ਰੋਡ ਫਿਲੌਰ ਨਿਵਾਸੀਆਂ ਦਾ ਸ਼ਹਿਰ ਨਾਲੋਂ ਨਾਤਾ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ। ਲੋਕ ਮੰਗ ਹੈ ਕਿ ਇੱਥੇ ਉਨ੍ਹਾਂ ਓਵਰ ਬ੍ਰਿਜ ਜਾਂ ਅੰਡਰ ਬ੍ਰਿਜ ਰਸਤਾ ਬਣਾਇਆ ਜਾਵੇ। ਇਲਾਕਾ ਨਿਵਾਸੀ ਕਈ ਸਾਲਾਂ ਤੋਂ ਮੰਗ ਕਰ ਰਹੇ ਹਨ। ਜਿਸ ਨਾਲ ਲੋਕਾਂ ਨੂੰ ਰਾਹਤ ਮਿਲ ਸਕੇ। ਇਸ ਸਬੰਧੀ ਜਦੋਂ ਹਲਕਾ ਆਮ ਆਦਮੀ ਪਾਰਟੀ ਦੇ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਸੀਂ ਇਹ ਮਾਮਲਾ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੇ ਧਿਆਨ 'ਚ ਲਿਆ ਚੁੱਕੇ ਹਾਂ ਇਹ ਵੀ ਦੱਸਿਆ ਕਸਬਾ ਗੁਰਾਇਆ ਦਾ ਵੀ ਸਮੱਸਿਆ ਫਿਲੌਰ ਵਰਗੀ ਹੈ। ਉੱਥੇ ਵੀ ਓਵਰਬ੍ਰਿਜ ਜਾਂ ਅੰਡਰਬ੍ਰਿਜ ਬਣਾਉਣ ਦੀ ਲੋੜ ਹੈ। ਉਨ੍ਹਾਂ ਨੇ ਭਾਰਤ ਸਰਕਾਰ ਮੰਤਰੀ ਅਤੇ ਰੇਲਵੇ ਵਿਭਾਗ ਦੇ ਮੰਤਰੀ ਅਤੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਕਿ ਏਧਰ ਫੌਰੀ ਤੌਰ 'ਤੇ ਧਿਆਨ ਦੇ ਕੇ ਸਮੱਸਿਆ ਦਾ ਹੱਲ ਕੀਤਾ ਜਾਵੇ।

ਸਾਥੀ ਚੈਨ ਸਿੰਘ ਸੈਦੋਵਾਲ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ

ਨੂਰਮਹਿਲ (ਬਾਲ ਕ੍ਰਿਸਨ ਬਾਲੀ) ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਕਮੇਟੀ ਮੈਂਬਰ ਸਾਥੀ ਚੈਨ ਸਿੰਘ ਸੈਦੋਵਾਲ ਦਾ ਪਿਛਲੇ ਦਿਨੀ ਦੇਹਾਂਤ ਹੋ ਗਿਆ ਸੀ। ਸਾਥੀ ਜੀ ਦਾ ਸ਼ੋਕ ਸਮਾਗਮ ਪਿੰਡ ਸੈਦੋਵਾਲ ਦੇ ਗੁਰਦਵਾਰਾ ਸਾਹਿਬ ਵਿਖੇ ਕੀਤਾ ਗਿਆ। ਬੁਲਾਰਿਆ ਨੇ ਸਾਥੀ ਚੈਨ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਕਿਹਾ ਕਿ ਸਾਥੀ ਜੀ ਕਿਰਤੀ ਜਮਾਤ ਦੇ ਘੋਲਾ ਦੇ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਸਨ। ਦਿੱਲੀ ਕਿਸਾਨ ਅੰਦੋਲਨ ਵਿੱਚ ਪਿੰਡ ਸੈਦੋਵਾਲ ਅਤੇ ਇਲਾਕੇ ਦੇ ਕਿਸਾਨਾਂ ਨੂੰ ਲਾਮਬੰਦ ਕਰਕੇ, ਘੋਲ ਦੀ ਜਿੱਤ ਤੱਕ ਲੈ ਕੇ ਜਾਂਦੇ ਰਹੇ। ਉਹ ਜਥੇਬੰਦੀ ਦੇ ਨਿਡਰ ਅਤੇ ਦਲੇਰ ਕਾਰਕੁੰਨ ਸਨ। ਪਿੰਡ ਸੇਲਕੀਆਣਾ, ਕਡਿਆਣਾ ਝੰਡੀਪੀਰ ਦਰਿਆ ਦੇ ਵਿੱਚੋਂ ਨਜ਼ਾਇਜ ਰੇਤ ਦੀ ਮਾਈਨਿੰਗ ਖਿਲਾਫ ਲੜਨ ਵਾਲਿਆਂ ਵਿੱਚ ਵੀ ਚੈਨ ਸਿੰਘ ਦਾ ਵਡਮੁੱਲਾ ਯੋਗਦਾਨ ਸੀ। ਸਾਥੀ ਚੈਨ ਸਿੰਘ ਪਿੰਡ ਦੇ ਵਿਕਾਸ ਦੇ ਕੰਮਾ ਵਿੱਚ ਵੀ ਪਿੱਛੇ ਨਹੀਂ ਸੀ ਹਟਦਾ। ਸਾਥੀ ਜੀ ਦੇ ਜਾਣ ਨਾਲ ਜਿੱਥੇ ਪਰਵਾਰ ਅਤੇ ਪਿੰਡ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਉਥੇ ਕਿਰਤੀ ਜਮਾਤ ਨੂੰ ਵੀ ਅਥਾਂਹ ਘਾਟਾ ਪਿਆ। ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਆਗੂ ਅਤੇ ਸੂਬਾ ਕਮੇਟੀ ਮੈਂਬਰ ਸੰਤੋਖ ਸਿੰਘ ਸੰਧੂ, ਮਜ਼ਦੂਰ ਆਗੂ ਹੰਸ ਰਾਜ ਪੱਬਵਾਂ, ਗੁਰਦਵਾਰਾ ਪਰਬੰਧਕ ਕਮੇਟੀ ਦੇ ਪਰਧਾਨ ਗੁਰਪਾਲ ਸਿੰਘ, ਪਿੰਡ ਦੇ ਸਰਪੰਚ ਸਾਥੀ ਕਮਲਜੀਤ ਸਿੰਘ, ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ਼ਰਧਾਜਲੀ ਸਮਾਗਮ ਵਿੱਚ ਚੰਨਣ ਸਿੰਘ ਬੁੱਟਰ, ਮੱਖਣ ਸਿੰਘ ਕੰਦੋਲਾ, ਤਰਸੇਮ ਸਿੰਘ ਕਡਿਆਣਾ, ਕੁਲਦੀਪ ਭੰਗਾਲਾ, ਅਤੇ ਪਿੰਡ ਸੈਦੋਵਾਲ ਇਕਾਈ ਦੇ ਪਰਧਾਨ ਦਿਲਬਾਗ ਸਿੰਘ, ਅਜੀਤ ਸਿੰਘ, ਬੀਬੀ ਬਲਿਹਾਰ ਕੌਰ, ਸੰਕਰ ਸਿੰਘ ਆਦਿ ਸਾਥੀ ਵੀ ਹਾਜ਼ਰ ਸਨ।

ਖੇਡਾਂ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ 'ਚ ਨਿਭਾਉਂਦੀਆਂ ਅਹਿਮ ਭੂਮਿਕਾ : ਫਾਰੂਕੀ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-57ਵੀਆਂ ਪੰਜਾਬ ਪੁਲਸ ਖੇਡਾਂ ਅਤੇ ਐਥਲੈਟਿਕ ਮੀਟ-2022 ਦਾ ਰਸਮੀ ਉਦਘਾਟਨ ਸਥਾਨਕ ਪੀ.ਏ.ਪੀ. ਵਿਖੇ ਏ.ਡੀ.ਜੀ.ਪੀ. ਸਟੇਟ ਆਰਮਡ ਪੁਲਸ ਐਮ.ਐਫ. ਫਾਰੂਕੀ ਵਲੋਂ ਅੱਜ ਕੀਤਾ ਗਿਆ।ਖੇਡਾਂ ਦੀ ਸ਼ੁਰੂਆਤ ਮੌਕੇ ਸੰਬੋਧਨ ਕਰਦਿਆਂ ਐਮ.ਐਫ.ਫਾਰੂਕੀ ਨੇ ਕਿਹਾ ਕਿ ਖੇਡਾਂ ਜਿਥੇ ਸਾਨੂੰ ਸਰੀਰਿਕ ਤੌਰ 'ਤੇ ਤੰਦਰੁਸਤ ਰੱਖਦੀਆਂ ਹਨ ਉਥੇ ਹੀ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਬਣਾਉਂਦੀਆਂ ਹਨ। ਉਨ੍ਹਾਂ ਖਿਡਾਰੀਆਂ ਨੂੰ ਖੇਡ ਭਾਵਨਾ ਅਤੇ ਟੂਰਨਾਮੈਂਟ ਦੇ ਨਿਯਮਾਂ ਅਨੁਸਾਰ ਖੇਡਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਇਨ੍ਹਾਂ ਖੇਡਾਂ ਦਾ ਮੁੱਖ ਮੰਤਵ ਪੁਲਸ ਕਰਮਚਾਰੀਆਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਦਿਆਂ ਉਨ੍ਹਾਂ ਅੰਦਰ ਹੋਰ ਉਤਸ਼ਾਹ ਤੇ ਊਰਜਾ ਪੈਦਾ ਕਰਨਾ ਹੈ।

ਉਨ੍ਹਾਂ ਦੱਸਿਆ ਕਿ 15 ਨਵੰਬਰ ਤੱਕ ਕਰਵਾਏ ਜਾਣ ਵਾਲੇ ਇਸ ਖੇਡ ਟੂਰਨਾਮੈਂਟ ਵਿੱਚ ਪੰਜਾਬ ਪੁਲਿਸ ਦੇ ਵੱਖ-ਵੱਖ ਰੇਜਾਂ ਦੇ 800 ਤੋਂ ਵੱਧ ਖਿਡਾਰੀ ਐਥਲੈਟਿਕਸ, ਫੁੱਟਬਾਲ, ਕਬੱਡੀ, ਰੱਸਾ-ਕਸ਼ੀ, ਵਾਲੀਬਾਲ, ਬਾਸਕਟਬਾਲ, ਹੈਂਡਬਾਲ ਅਤੇ ਹਾਕੀ ਦੀ ਖੇਡ ਵਿਚ ਆਪਣੇ ਰੇਜ਼ ਦੇ ਮਾਨ ਅਤੇ ਸਨਮਾਨ ਲਈ ਖੇਡਣਗੇ। ਉਨ੍ਹਾਂ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਇਨ੍ਹਾਂ ਵੱਖ-ਵੱਖ ਖੇਡ ਦੌਰਾਨ ਚੰਗਾ ਖੇਡ ਪ੍ਰਦਰਸ਼ਨ ਕਰਨ ਤਾਂ ਜੋ ਇਸ ਨਾਲ ਹੋਰਨਾਂ ਖਿਡਾਰੀਆਂ ਨੂੰ ਪ੍ਰੇਰਣਾ ਮਿਲ ਸਕੇ । ਬਾਸਕਬਾਲ ਦੇ ਮੁਕਾਬਲਿਆਂ ਵਿੱਚ ਆਰਮਡ ਰੇਂਜ, ਬਾਰਡਰ ਰੇਂਜ ਤੇ ਕੰਬਾਇੰਡ ਰੇਂਜ ਦੀਆਂ ਟੀਮਾਂ ਜੇਤੂ ਰਹੀਆਂ। ਇਸੇ ਤਰ੍ਹਾਂ ਫੁੱਟਬਾਲ ਦੇ ਮੁਕਾਬਲਿਆਂ ਵਿੱਚ ਆਰਮਡ ਰੇਂਜ ਅਤੇ ਰੂਪਨਗਰ ਰੇਂਜ ਨੇ ਜਿੱਤ ਦਰਜ ਕੀਤੀ। ਵਾਲੀਬਾਲ ਮੁਕਾਬਲਿਆਂ ਵਿੱਚ ਆਰਮਡ ਰੇਂਜ, ਬਾ

15-NOV-PAGE-10.qxd 11/14/2022 10:08 PM Page 1

ਪੈਨਸ਼ਨਰਾਂ ਵੱਲੋਂ ਸਰਕਾਰ ਦੀ ਬੇਰੁਖੀ ਵਿਰੁੱਧ ਰੋਸ ਮੁਜ਼ਾਹਰਾ ਭਲਕੇ

ਸੰਗਰੂਰ (ਪ੍ਰਵੀਨ)-ਆਲ ਪੈਨਸ਼ਨਰਜ਼ ਵੈੱਲਫੇਅਰ ਐਸੋ: ਜ਼ਿਲ੍ਹਾ ਸੰਗਰੂਰ ਦੇ ਸੈਂਕੜੇ ਪੈਨਸ਼ਨਰਾਂ ਵੱਲੋਂ ਮੁੱਖ ਮੰਤਰੀ ਪੰਜਾਬ ਦੇ ਵਿਧਾਨ ਸਭਾ ਹਲਕਾ ਧੂਰੀ ਵਿਖੇ 16 ਨਵੰਬਰ ਨੂੰ ਸਰਕਾਰ ਦੀ ਮੰਗਾਂ ਪ੍ਰਤੀ ਬੇਰੁਖੀ/ਅਣਦੇਖੀ, ਲਾਪ੍ਰਵਾਹੀ ਤੇ ਚੋਣਾਂ ਸਮੇਂ ਮੁਲਾਜ਼ਮਾਂ/ਪੈਨਸ਼ਨਰਾਂ ਨਾਲ ਕੀਤਾ ਵਾਅਦੇ ਪੂਰੇ ਨਾ ਕਰਨ ਵਿਰੁੱਧ ਵਿਸ਼ਾਲ ਰੋਸ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਪੈਨਸ਼ਨਰਜ਼ ਜੁਆਇੰਟ ਫਰੰਟ ਪੰਜਾਬ ਦੇ ਫੈਸਲੇ ਅਨੁਸਾਰ ਪੈਨਸ਼ਰਾਂ ਨੂੰ ਸੰਬੋਧਨ ਕਰਦਿਆਂ, ਸ੍ਰਪ੍ਰਸਤ ਜਗਦੀਪ ਸ਼ਰਮਾ, ਪ੍ਰਧਾਨ ਅਰਜਨ ਸਿੰਘ, ਸੁਰਿੰਦਰ ਬਾਲੀਆ, ਸੀਤਾ ਰਾਮ ਸ਼ਰਮਾ ਤੇ ਬਿੱਕਰ ਸਿੰਘ ਸਿਬੀਆ ਨੇ ਕਿਹਾ ਕਿ ਸਰਕਾਰ ਵੱਲੋਂ ਜਨਵਰੀ 16 ਤੋਂ 66 ਮਹੀਨਿਆਂ ਦਾ ਬਕਾਇਆ, ਡੀ. ਏ. ਦੀ 4% ਦੀ ਕਿਸ਼ਤ ਤੇ ਜਨਵਰੀ 2015 ਤੋਂ 190 ਮਹੀਨਿਆਂ ਦਾ ਬਕਾਇਆ ਦੇਣ ਸੰਬੰਧੀ ਚੁੱਪੀ ਧਾਰ ਰੱਖੀ ਹੈ, ਜਿਸ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ। ਹਲਕਾ ਧੂਰੀ ਦੇ ਵਿਸ਼ਾਲ ਮੁਜ਼ਾਹਾਰੇ ਵਿੱਚ ਭਾਰੀ ਰੋਸ ਹੈ। ਹਲਕਾ ਧੂਰੀ ਦੇ ਵਿਸ਼ਾਲ ਮੁਜ਼ਾਹਾਰੇ ਵਿੱਚ ਸੰਗਰੂਰ ਤੋਂ ਵੱਡੀ ਗਿਣਤੀ ਵਿੱਚ ਪੈਨਸ਼ਨਰਾਂ ਵੱਲੋਂ ਸ਼ਾਮਲ ਹੋਣ ਦਾ ਅਹਿਦ ਲਿਆ। ਜੇਕਰ ਮੰਗਾਂ ਨਾ ਮੰਨੀਆਂ ਤਾਂ 29 ਨਵੰਬਰ ਨੂੰ ਮੋਹਾਲੀ ਵਿਖੇ ਜ਼ੋਰਦਾਰ ਮੁਜ਼ਾਹਾਰਾ ਕੀਤਾ ਜਾਵੇਗਾ। ਇਸ ਮੌਕੇ ਮੇਲਾ ਸਿੰਘ ਪੁੰਨਾਵਾਲ, ਅਮਰਜੀਤ ਸਿੰਘ, ਹਰਭਗਵਾਨ ਸਿੰਘ, ਹਰਬੰਸ ਜਿੰਦਲ, ਤਾਰਾ ਸਿੰਘ, ਹਵਾ ਸਿੰਘ, ਰਾਮ ਲਾਲ ਸ਼ਰਮਾ, ਰਾਜਿੰਦਰ ਸਿੰਘ, ਸੱਤਪਾਲ ਸਿੰਘ ਕਲਸੀ, ਬਲਵੀਰ ਸਿੰਘ ਰਤਨ, ਪਵਨ ਗੁਪਤਾ (ਐੱਸ.ਡੀ.ਓ.), ਦਰਸ਼ਨ ਸਿੰਘ ਆਦਿ ਹਾਜ਼ਰ ਸਨ।

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਜਲਾਲਾਬਾਦ ਦੀ ਮੀਟਿੰਗ

ਕੇਂਦਰ ਸਰਕਾਰ ਖਿਲਾਫ ਕੀਤੀ ਨਾਅਰੇਬਾਜ਼ੀ

ਜਲਾਲਾਬਾਦ (ਬੰਟੀ ਦਹੂਜਾ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਜਲਾਲਾਬਾਦ ਦੀ ਮੀਟਿੰਗ ਮਾਰਕੀਟ ਕਮੇਟੀ ਜਲਾਲਾਬਾਦ ਵਿਖੇ ਜ਼ੋਨ ਪ੍ਰਧਾਨ ਸੁਖਦੇਵ ਸਿੰਘ ਮੁਰਕਵਾਲਾ ਅਤੇ ਮੀਤ ਪ੍ਰਧਾਨ ਸਰਬਜੀਤ ਸਿੰਘ ਭਾਵੜਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੀਟਿੰਗ ਵਿਚ 26 ਨਵੰਬਰ ਨੂੰ ਪੂਰੇ ਪੰਜਾਬ ਵਿਚ ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ 'ਤੇ ਪੂਰੇ ਪੰਜਾਬ ਵਿਚ ਡੀ ਸੀ ਦਫ਼ਤਰਾਂ ਅੱਗੇ ਲੱਗਣ ਜਾ ਰਹੇ ਪੱਕੇ ਮੋਰਚਿਆਂ ਸੰਬੰਧੀ ਇਕਾਈ ਆਗੂਆਂ ਨੂੰ ਲਾਮਬੰਦ ਕੀਤਾ ਗਿਆ। ਜ਼ੋਨ ਸਕੱਤਰ ਪ੍ਰਧਾਨ ਸੁਖਦੇਵ ਸਿੰਘ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਅਤੇ ਸੁਖਚੈਨ ਸੋਢੀ ਨੇ ਕਿਹਾ ਕਿ ਸੂਬੇ ਦੇ ਸੁਨੇਹੇ 'ਤੇ ਜ਼ਿਲ੍ਹਾ ਪੱਧਰੀ ਪੱਕੇ ਮੋਰਚੇ ਵਿਚ ਵਧ-ਚੜ੍ਹ ਕੇ ਕਿਸਾਨ ਭਾਈਚਾਰਾ ਸ਼ਾਮਲ ਹੋਏਗਾ। 21 ਨਵੰਬਰ ਨੂੰ ਸੂਬਾ ਪ੍ਰਧਾਨ ਸਤਨਾਮ ਸਿੰਘ ਪਨੂੰ ਆ ਰਹੇ ਹਨ ਤੇ ਬੀਤੇ ਦਿਨੀਂ ਕਿਸਾਨਾਂ ਦੇ ਸੰਘਰਸ਼ ਦੌਰਾਨ ਜੋ ਕਿਸਾਨ ਭਰਾ ਸ਼ਹੀਦ ਹੋ ਗਏ ਸਨ, ਉਨ੍ਹਾਂ ਦੇ ਮੁਆਵਜ਼ੇ ਅਜੇ ਨਹੀ ਦਿੱਤੇ ਗਏ, ਜਿਨ੍ਹਾਂ ਨੇ ਕਿਸਾਨਾਂ ਨੂੰ ਲਤਾੜ ਕੇ ਮਾਰਿਆ, ਉਨ੍ਹਾਂ ਖਿਲਾਫ ਕਾਰਵਾਈ ਨਹੀ ਕੀਤੀ ਗਈ ਤੇ ਹੁਣ ਵੀ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ 'ਚੋਂ ਗੁਜ਼ਰਨਾ ਪੈ ਰਿਹਾ।

ਇਸ ਮੌਕੇ ਕਿਸਾਨ ਭਾਈਚਾਰੇ ਨੇ ਕੇਂਦਰ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਮੀਟਿੰਗ ਵਿਚ ਪ੍ਰਧਾਨ ਸੁਖਦੇਵ ਸਿੰਘ, ਮੀਤ ਪ੍ਰਧਾਨ ਸਰਬਜੀਤ ਸਿੰਘ ਅਤੇ ਮੀਤ ਸਕੱਤਰ ਪ੍ਰਧਾਨ ਸੁਖਚੈਨ ਸਿੰਘ ਸੋਢੀ, ਮੁੱਖ ਜ਼ੋਨ ਸਲਾਹਕਾਰ ਬਲਵੰਤ ਸਿੰਘ ਖਾਲਸਾ, ਇਕਾਈ ਆਗੂ ਚਿਮਨ ਸਿੰਘ ਚੱਕ ਮੌਜਦੀਨ ਵਾਲਾ, ਇਕਾਈ ਆਗੂ ਚੰਦਰ ਸ਼ੇਖਰ ਬੱਘੇ ਕੇ, ਇਕਾਈ ਆਗੂ ਕੁਲਵੰਤ ਸਿੰਘ ਘੁਰੀ, ਗੁਰਜੰਟ ਸਿੰਘ ਲਮੋਚੜ ਕਲਾਂ ਤੇ ਦਿਆਲ ਸਿੰਘ ਆਦਿ ਹਾਜ਼ਰ ਸਨ।

ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਦੂਜਾ ਖੂਨਦਾਨ ਕੈਂਪ

ਭਾਰਤ ਵਿਕਾਸ ਪ੍ਰੀਸ਼ਦ ਦੇ ਅਹੁਦੇਦਾਰ ਮੁੱਖ ਮਹਿਮਾਨ ਬਲਵਿੰਦਰ ਠੁਕਰਾਲ ਨੂੰ ਸਨਮਾਨਤ ਕਰਦੇ ਹੋਏ

ਮੱਖੂ (ਰਛਪਾਲ ਸਿੰਘ ਸੰਧੂ)

ਭਾਰਤ ਵਿਕਾਸ ਪ੍ਰੀਸ਼ਦ ਮੱਖੂ ਵੱਲੋਂ ਐੱਚ ਡੀ ਐੱਫ ਸੀ ਬੈਂਕ ਦੇ ਸਹਿਯੋਗ ਨਾਲ ਸ੍ਰੀ ਕ੍ਰਿਸ਼ਨਾ ਮੰਦਰ ਮੱਖੂ ਵਿਖੇ ਦੂਜਾ ਖੂਨਦਾਨ ਕੈਂਪ ਲਗਾਇਆ ਗਿਆ। ਇਸ ਖੂਨਦਾਨ ਕੈਂਪ ਵਿੱਚ 30 ਦੇ ਕਰੀਬ ਖੂਨਦਾਨ ਕਰਨ ਵਾਲੇ ਦਾਨੀਆਂ ਵੱਲੋਂ ਖੂਨਦਾਨ ਕੀਤਾ ਗਿਆ। ਇਸ ਖੂਨਦਾਨ ਕੈਂਪ ਵਿੱਚ ਬਲੱਡ ਬੈਂਕ ਸਿਵਲ ਹਸਪਤਾਲ ਫਿਰੋਜ਼ਪੁਰ ਦੀ ਟੀਮ ਵਿਸੇਸ ਤੌਰ 'ਤੇ ਪਹੁੰਚੀ ਹੋਈ ਸੀ। ਖੂਨਦਾਨ ਕੈਂਪ ਦੀ ਸੁਰੂਆਤ ਮੁੱਖ ਮਹਿਮਾਨ ਬਲਵਿੰਦਰ ਠੁਕਰਾਲ ਆੜ੍ਹਤੀਆਂ ਵੱਲੋਂ ਰਿਬਨ ਕੱਟ ਕੇ ਕਰਵਾਇਆ ਗਿਆ। ਇਸ ਮੌਕੇ ਭਾਰਤ ਵਿਕਾਸ ਪ੍ਰੀਸਦ ਦੇ ਸਟੇਟ ਕਨਵੀਨਰ ਸੰਜੀਵ ਅਹੂਜਾ, ਮੀਤ ਪ੍ਰਧਾਨ ਪੰਜਾਬ ਸਤਿੰਦਰ ਸਚਦੇਵਾ ਅਤੇ ਐਚ ਡੀ ਐੱਫ ਸੀ ਬੈਂਕ ਦੇ ਮੈਨੇਜਰ ਬ੍ਰਿਜ ਭੂਸ਼ਨ ਨੇ ਕਿਹਾ ਕਿ ਖੂਨਦਾਨ ਕਰਨ ਨਾਲ ਨਾ ਸਿਰਫ ਕਿਸੇ ਦੀ ਜਾਨ ਬਚਾਈ ਜਾ ਸਕਦੀ ਹੈ, ਬਲਕਿ ਇਸ ਨਾਲ ਸਾਡੇ ਸਰੀਰ ਨੂੰ ਬਹੁਤ ਫਾਇਦੇ ਹੁੰਦੇ ਹਨ। ਖੂਨਦਾਨ ਕਰਨ ਨਾਲ ਸਾਡੇ ਸਰੀਰ ਨੂੰ ਕਿਸੇ ਤਰ੍ਹਾਂ ਦੀ ਕੋਈ ਨੁਕਸਾਨ ਨਹੀਂ ਹੁੰਦਾ। ਖੂਨਦਾਨ ਕਰਨ ਨਾਲ ਸਾਡਾ ਸਰੀਰ ਤੰਦਰੁਸਤ ਰਹਿੰਦਾ ਹੈ। ਜਿਨ੍ਹਾਂ ਵਿਅਕਤੀਆਂ ਵੱਲੋਂ ਖੂਨਦਾਨ ਕੀਤਾ ਹੈ, ਉਨ੍ਹਾਂ ਵਿਅਕਤੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ। ਇਸ ਮੌਕੇ ਭਾਰਤ ਵਿਕਾਸ ਪ੍ਰੀਸਦ ਵੱਲੋਂ ਮੁੱਖ ਮਹਿਮਾਨ ਬਲਵਿੰਦਰ ਠੁਕਰਾਲ ਅਤੇ ਖੂਨਦਾਨ ਕਰਨ ਵਾਲੇ ਵਿਅਕਤੀਆਂ ਨੂੰ ਸਨਮਾਨ ਚਿੰਨ੍ਹ ਦੇ ਸਨਮਾਨਤ ਕੀਤਾ ਗਿਆ ਅਤੇ ਖੂਨਦਾਨ ਕਰਨ ਵਾਲਿਆਂ ਲਈ ਫਲ-ਫਰੂਟ ਅਤੇ ਦੁੱਧ ਦਾ ਲੰਗਰ ਵਰਤਾਇਆ ਗਿਆ।

ਇਸ ਮੌਕੇ ਭਾਰਤ ਵਿਕਾਸ ਪ੍ਰੀਸ਼ਦ ਮੱਖੂ ਦੇ ਪ੍ਰਧਾਨ ਸਚਿਨ ਅਰੋੜਾ, ਸੱਤਪਾਲ ਦੂਆ, ਭਾਰਤ ਭੂਸ਼ਨ, ਕੇਵਲ ਗਰੋਵਰ, ਰਿੱਕੀ ਖੁਰਾਣਾ, ਰਜੇਸ਼ ਸ਼ਰਮਾ, ਨਰੇਸ਼ ਮੋਂਗਾ, ਸੰਜੀਵ ਮਾਨ ਕਟਾਲਾ, ਗੌਰਵ ਮਦਾਨ, ਨਰਿੰਦਰ ਮਹਿਤਾ ਐੱਮ ਸੀ, ਪ੍ਰੇਮ ਗਰੋਵਰ, ਸ਼ਾਮ ਲਾਲ, ਕੇਵਲ ਕ੍ਰਿਸ਼ਨ ਸਚਦੇਵਾ, ਸੋਨੂੰ ਦੱਖਣਾ, ਸਤਿਅਮ ਅਹੂਜਾ ਤੇ ਸੁਭਾਸ਼ ਮਨਚੰਦਾ ਆਦਿ ਹਾਜ਼ਰ ਸਨ।

ਡੈਮੋਕ੍ਰੇਟਿਕ ਮਨਰੇਗਾ ਫਰੰਟ ਬਲਾਕ ਕਮੇਟੀ ਨੇ ਕੀਤੀ ਮੀਟਿੰਗ

ਸਮਾਣਾ (ਗੁਰਪਿਆਰ ਸਿੰਘ ਬੱਲ)-ਡੈਮੋਕ੍ਰੇਟਿਕ ਮਨਰੇਗਾ ਫਰੰਟ (ਡੀ.ਐਮ.ਐਫ.) ਬਲਾਕ ਕਮੇਟੀ ਦੀ ਮੀਟਿੰਗ ਬਲਾਕ ਪ੍ਰਧਾਨ ਮਨਿੰਦਰ ਸਿੰਘ ਫ਼ਤਿਹਮਾਜਰੀ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਦੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਮਨਰੇਗਾ ਕਾਨੂੰਨ ਨੂੰ ਬਣੇ 17 ਸਾਲ ਹੋ ਚੁੱਕੇ ਹਨ, ਜਿਸ ਵਿੱਚ ਇੱਕ ਸਾਲ ਦੌਰਾਨ 100 ਦਿਨ ਦੇ ਕੰਮ ਦੀ ਗਾਰੰਟੀ ਕੀਤੀ ਗਈ ਹੈ। ਪਰ ਪੰਜਾਬ ਵਿੱਚ ਔਸਤ 32 ਦਿਨ ਹੀ ਕੰਮ ਦਿੱਤਾ ਜਾਂਦਾ ਹੈ, ਜਿਸ ਵਿੱਚ ਸਰਕਾਰ ਅਤੇ ਪ੍ਰਸ਼ਾਸਨ ਦੀ ਬੇਰੁਖੀ ਸਾਫ਼ ਨਜ਼ਰ ਆਉਂਦੀ ਹੈ। ਫਰੰਟ ਦੀਆਂ ਮੰਗਾਂ ਨੂੰ ਲੈ ਕੇ ਤੇ ਪ੍ਰਸ਼ਾਸਨ ਦੀ ਬੇਰੁਖੀ ਦੇ ਵਿਰੋਧ ਵਿੱਚ 18 ਨਵੰਬਰ ਨੂੰ ਬੀਡੀਪੀਓ ਦਫਤਰ ਦੇ ਸਾਹਮਣੇ ਰੋਸ ਧਰਨਾ ਦਿੱਤਾ ਜਾਵੇਗਾ। ਕੰਮ ਦੀਆਂ ਅਰਜ਼ੀਆਂ ਵੀ ਦਿੱਤੀਆਂ ਜਾਣਗੀਆਂ ਤੇ ਬੀਡੀਪੀਓ ਰਾਹੀਂ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਜਾਵੇਗਾ। ਇਸ ਮੌਕੇ ਗੁਰਤੇਜ ਸਿੰਘ ਸਮਾਣਾ, ਰਾਣੀ ਕੌਰ ਢੈਂਠਲ, ਗੁਰਮੀਤ ਕੌਰ ਗਾਜੀਪੁਰ, ਰਣਵੀਰ ਕੌਰ ਬਾਦਸਾਹਪੁਰ ਕਾਲੇਕੀ, ਚਰਨਜੀਤ ਕੌਰ ਸਪਰਹੇੜੀ, ਕੁਲਦੀਪ ਕੌਰ ਖੱਤਰੀਵਾਲਾ, ਲੱਛਮੀ ਤਰਖਾਣ ਮਾਜਰਾ, ਪਰਮਜੀਤ ਕੌਰ ਮਿਆਲ ਕਲਾਂ, ਕਿਰਨਜੀਤ ਧਨੇਠਾ, ਮਨਜੀਤ ਕੌਰ ਖੁਦਾਦਪੁਰ, ਤਰਸੇਮ ਸਿੰਘ ਖੇੜੀ ਭੀਮਾ ਤੇ ਰਣਜੀਤ ਕੌਰ ਘੰਗਰੋਲੀ ਆਦਿ ਮੌਜੂਦ ਸਨ।

ਕਾਤਰਾਂ

ਨਜਾਇਜ਼ ਸ਼ਰਾਬ ਸਮੇਤ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਮਮਦੋਟ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 15 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਥਾਣਾ ਮਮਦੋਟ ਪੁਲਸ ਦੇ ਹੌਲਦਾਰ ਓਮ ਪ੍ਰਕਾਸ਼ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿੱਚ ਮੇਨ ਰੋਡ ਡੇਰਾ ਰਾਧਾ ਸੁਆਮੀ ਪਾਸ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਪਰਮਜੀਤ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਚੱਕ ਘੁਬਾਈ ਉਰਫ ਤਰਾਂਵਾਲੀ ਨਜਾਇਜ਼ ਸ਼ਰਾਬ ਕਸੀਦ ਕਰਕੇ ਵੇਚਣ ਦਾ ਆਦੀ ਹੈ। ਜੇਕਰ ਹੁਣੇ ਇਸ ਦੇ ਘਰ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਸ ਪਾਰਟੀ ਵੱਲੋਂ ਮੁਲਜ਼ਮ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਗਿਆ ਤੇ ਮੌਕੇ 'ਤੇ 15 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਛਾਤੀ ਦੇ ਕੈਂਸਰ ਦਾ ਮੁਫ਼ਤ ਚੈੱਕਅਪ ਕੈਂਪ ਲਾਇਆ

ਕੋਟ ਈਸੇ ਖਾਂ (ਅਰੋੜਾ)-ਸਿਵਲ ਸਰਜਨ ਡਾਕਟਰ ਤ੍ਰਿਪਤਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਤੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜਯੋਤੀ ਦੀ ਅਗਵਾਈ ਵਿੱਚ ਕਮਿਊਨਿਟੀ ਹੈਲਥ ਸੈਂਟਰ ਵਿਖੇ ਛਾਤੀ ਦੇ ਕੈਂਸਰ ਦਾ ਮੁਫ਼ਤ ਚੈੱਕਅੱਪ ਕੈਂਪ ਲਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ 14, 15 ਤੇ 16 ਨਵੰਬਰ ਨੂੰ ਸਰਕਾਰੀ ਹਸਪਤਾਲ ਕੋਟ ਈਸੇ ਖਾਂ ਅਤੇ 17, 18 ਤੇ 19 ਨਵੰਬਰ ਨੂੰ ਸਰਕਾਰੀ ਹਸਪਤਾਲ ਧਰਮਕੋਟ ਵਿਖੇ ਕੈਂਪ ਲਾਇਆ ਜਾਵੇਗਾ। ਇਸ ਮੌਕੇ 30 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਦਾ ਬਰੈਸਟ ਕੈਂਸਰ ਸਬੰਧੀ ਚੈੱਕਅੱਪ ਕੀਤਾ ਜਾਵੇਗਾ। ਕੈਂਪ ਵਿੱਚ ਪਹਿਲੇ ਦਿਨ ਲਗਭਗ 50 ਔਰਤਾਂ ਦਾ ਚੈੱਕਅੱਪ ਕੀਤਾ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜਯੋਤੀ ਨੇ ਕਿਹਾ ਕਿ ਇਸ ਸਕਰੀਨਿੰਗ ਦਾ ਸਮੂਹ ਇਲਾਕੇ ਦੀਆਂ ਔਰਤਾਂ ਨੂੰ ਵੱਧ ਤੋਂ ਵੱਧ ਫ਼ਾਇਦਾ ਉਠਾਉਣਾ ਚਾਹੀਦਾ ਹੈ ਕਿਉਂਕਿ ਇਹ ਟੈਸਟ ਬਹੁਤ ਮਹਿੰਗਾ ਹੈ ਅਤੇ ਬਰੈਸਟ ਕੈਂਸਰ ਦਾ ਪਹਿਲੇ ਪੜਾਅ 'ਤੇ ਪਤਾ ਲੱਗ ਜਾਵੇ ਤਾਂ ਇਲਾਜ ਸੌਖਾ ਹੋ ਜਾਂਦਾ ਹੈ। ਇਸ ਮੌਕੇ ਡਾਕਟਰ ਨਵਦੀਪ ਕੌਰ, ਡਾਕਟਰ ਮਨਿੰਦਰ ਕੌਰ, ਸਿਮਰਜੀਤ ਕੌਰ, ਹਰਪ੍ਰੀਤ ਕੌਰ ਬਲਾਕ ਐਜੂਕੈਟਰ, ਮੀਨਾਕਸ਼ੀ, ਮਨਪ੍ਰੀਤ ਕੌਰ, ਸ਼ੈਲੀ ਤੋਂ ਇਲਾਵਾ ਸਟਾਫ਼ ਹਾਜ਼ਰ ਸੀ।

ਲੁਟੇਰੇ 2 ਹਜ਼ਾਰ ਰੁਪਏ ਤੇ ਮੋਬਾਇਲ ਖੋਹ ਕੇ ਫਰਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਮੱਖੂ ਅਧੀਨ ਆਉਂਦੇ ਪਿੰਡ ਵਲਾਇਤ ਸ਼ਾਹ ਵਿਖੇ ਇੱਕ ਵਿਅਕਤੀ ਕੋਲੋਂ ਲੁਟੇਰਿਆਂ ਨੇ 2 ਹਜ਼ਾਰ ਰੁਪਏ ਤੇ ਇੱਕ ਮੋਬਾਇਲ ਫੋਨ ਖੋਹਣ ਅਤੇ ਉਸ 'ਤੇ ਦਾਤਰ ਦਾ ਵਾਰ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਮੱਖੂ ਪੁਲਸ ਨੇ ਤਿੰਨ ਅਣਪਛਾਤੇ ਵਿਅਕਤੀਆਂ ਖਿਲਾਫ 341, 379-ਬੀ, 323, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਰਮਨਦੀਪ ਸਿੰਘ ਪੁੱਤਰ ਅਵਤਾਰ ਸਿੰਘ ਵਾਸੀ ਵਲਾਇਤ ਸ਼ਾਹ ਨੇ ਦੱਸਿਆ ਕਿ ਉਸ ਨੇ ਆਪਣਾ ਝੋਨਾ ਸ਼ਾਹ ਵਾਲਾ ਮੰਡੀ ਵਿੱਚ ਸੁੱਟਿਆ ਹੋਇਆ ਸੀ, ਜੋ 5 ਨਵੰਬਰ 2022 ਨੂੰ ਜਦ ਉਹ ਆਪਣੇ ਘਰ ਤੋਂ ਸ਼ਾਹਵਾਲਾ ਮੰਡੀ ਜਾ ਰਿਹਾ ਸੀ ਤਾਂ ਰੇਲਵੇ ਪੁਲ ਵਲਾਇਤ ਸ਼ਾਹ ਵਾਲਾ ਤੋਂ ਥੋੜ੍ਹਾ ਅੱਗੇ 3 ਅਣਪਛਾਤੇ ਨੌਜਵਾਨ ਲੜਕਿਆਂ ਨੇ ਉਸ ਨੂੰ ਰੋਕ ਲਿਆ ਤੇ ਉਸ ਪਾਸੋਂ 2 ਹਜ਼ਾਰ ਰੁਪਏ ਤੇ ਇਕ ਮੋਬਾਇਲ ਫੋਨ ਖੋਹ ਲਿਆ। ਰਮਨਦੀਪ ਸਿੰਘ ਨੇ ਦੱਸਿਆ ਕਿ ਉਸ ਦੀ ਐਕਟਿਵਾ ਸਕੂਟਰੀ ਖੋਹਣ ਲੱਗੇ ਤਾਂ ਉਸ ਵੱਲੋਂ ਵਿਰੋਧ ਕਰਨ 'ਤੇ ਇੱਕ ਮੋਨੇ ਨੌਜਵਾਨ ਨੇ ਉਸ 'ਤੇ ਦਾਤਰ ਦਾ ਵਾਰ ਕੀਤਾ, ਜੋ ਉਸ ਦੇ ਸੱਜੇ ਗੁੱਟ 'ਤੇ ਲੱਗਾ ਤੇ ਦੋਸ਼ੀਆਨ ਮੌਕੇ 'ਤੇ ਐਕਟਿਵਾ ਛੱਡ ਕੇ ਫਰਾਰ ਹੋ ਗਏ। ਰਮਨਦੀਪ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਅਮਨਦੀਪ ਹਸਪਤਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਰਣਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਲੁਟੇਰਿਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਸੈਦੋਆਨਾ ਝਿੜੀ ਸਾਹਿਬ ਡੇਰਾ ਡਾਲਾ ਵਿਖੇ ਧਾਰਮਿਕ ਸਮਾਗਮ ਕਰਾਇਆ

ਸ੍ਰੀ ਗੁਰੂ ਨਾਨਕ ਦੇਵ ਜੀ ਹਰ ਫਿਰਕੇ ਦੇ ਗੁਰੂ ਸਨ : ਸੰਤ ਹਰਮੇਲ ਸਿੰਘ

ਅਜੀਤਵਾਲ (ਨਛੱਤਰ ਸੰਧੂ)-ਇੱਥੋਂ ਨੇੜਲੇ ਧਾਰਮਿਕ ਅਸਥਾਨ ਸੈਦੋਆਨਾ ਝਿੜੀ ਡੇਰਾ ਪਿੰਡ ਡਾਲਾ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਮੁੱਖ ਰੱਖਦੇ ਹੋਏ ਤਿੰਨ ਰੋਜ

15-NOV-Page 11-Majha-22.qxd 11/14/2022 10:31 PM Page 1

ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ 'ਵਿਸ਼ਵ ਡਾਇਬੀਟੀਜ਼ ਦਿਵਸ' ਮਨਾਇਆ

ਕਲਾਨੌਰ, (ਕੋਹਲੀ)-ਜ਼ਿਲ੍ਹਾ ਗੁਰਦਾਸਪੁਰ ਦੇ ਸਿਵਲ ਸਰਜਨ ਡਾ. ਹਰਭਜਨ ਰਾਮ ਵੱਲੋਂ ਪ੍ਰਾਪਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸਰਹੱਦੀ ਕਸਬਾ ਕਲਾਨੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਲਖਵਿੰਦਰ ਸਿੰਘ ਅੱਠਵਾਲ ਦੀ ਯੋਗ ਅਗਵਾਈ ਹੇਠ ਸੋਮਵਾਰ ਨੂੰ ਕਮਿਊਨਿਟੀ ਸਿਹਤ ਕੇਂਦਰ ਵਿਖੇ ਵਿਸ਼ਵ ਡਾਇਬੀਟੀਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਸਿਹਤ ਕੇਂਦਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਇਲਾਵਾ ਹਸਪਤਾਲ ਵਿਖੇ ਆਏ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਡਾਇਬਿਟੀਜ਼ ਦੇ ਲੱਛਣਾਂ ਅਤੇ ਬਚਾਅ ਬਾਰੇ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਗਈ। ਇਸ ਮੌਕੇ ਗੱਲਬਾਤ ਕਰਦਿਆਂ ਡਾ. ਅਠਵਾਲ ਨੇ ਕਿਹਾ ਕਿ ਵਿਸ਼ਵ ਡਾਇਬੀਟੀਜ਼ ਦਿਵਸ ਮਨਾਉਣ ਦਾ ਮੁੱਖ ਮੰਤਵ ਆਮ ਨਾਗਰਿਕਾਂ ਵਿੱਚ ਡਾਈਬਿਟੀਜ਼ ਜਿਸ ਨੂੰ ਆਮ ਤੌਰ 'ਤੇ ਸ਼ੂਗਰ ਦਾ ਰੋਗ ਕਿਹਾ ਜਾਂਦਾ ਹੈ, ਬਾਰੇ ਜਾਗਰੂਕਤਾ ਫੈਲਾਉਣਾ ਹੈ ਤਾਂ ਜੋ ਵਿਅਕਤੀ ਆਪਣੇ ਆਪ ਨੂੰ ਇਸ ਰੋਗ ਤੋਂ ਬਚਾਅ ਸਕੇ। ਡਾ. ਅਠਵਾਲ ਨੇ ਕਿਹਾ ਕਿ ਡਾਇਬਟੀਜ਼ ਰੋਗ ਪੂਰੀ ਤਰ੍ਹਾਂ ਵਿਅਕਤੀ ਦੀ ਜੀਵਨ ਸ਼ੈਲੀ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਦੇ ਸਮੇਂ ਵਿਚ ਪ੍ਰਮੁੱਖ ਗੈਰ-ਸੰਚਾਰੀ ਰੋਗ ਹੈ। ਉਨ੍ਹਾਂ ਦੱਸਿਆ ਕਿ ਜੇਕਰ ਵਿਅਕਤੀ ਆਪਣੇ ਆਪ ਨੂੰ ਇਸ ਰੋਗ ਤੋਂ ਬਚਾਉਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੀ ਜੀਵਨਸ਼ੈਲੀ ਵਿੱਚ ਵੱਡਾ ਬਦਲਾਅ ਲਿਆਉਣ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਵਿਅਕਤੀ ਨੂੰ ਚੰਗੀ ਸਿਹਤ ਦੇ ਲਈ ਰੋਜ਼ਾਨਾ ਕਸਰਤ ਅਤੇ ਚੰਗਾ ਖਾਣ ਪਾਣ ਲੈਣ ਦੀ ਜ਼ਰੂਰਤ ਹੈ ਪਰ ਅਫ਼ਸੋਸ ਵਾਲੀ ਗੱਲ ਇਹ ਹੈ ਕਿ ਅੱਜ ਦੇ ਸਮੇਂ ਦੌਰਾਨ ਬਾਜ਼ਾਰੀ ਖਾਣ ਪੀਣ ਦਾ ਰਿਵਾਜ ਬਹੁਤ ਵਧ ਚੁੱਕਿਆ ਹੈ ਅਤੇ ਸ਼ੂਗਰ ਹੋਣ ਦਾ ਇਹ ਮੁੱਖ ਕਾਰਨ ਹੈ। ਉਨ੍ਹਾਂ ਕਿਹਾ ਕਿ ਇਸ ਰੋਗ ਪ੍ਰਤੀ ਅਣਗਹਿਲੀ ਵਰਤਣਾ ਬਹੁਤ ਖ਼ਤਰਨਾਕ ਸਾਬਤ ਹੁੰਦਾ ਹੈ। ਇਸ ਲਈ ਜੇਕਰ ਕਿਸੇ ਵਿਅਕਤੀ ਨੂੰ ਵਾਰ ਵਾਰ ਪੇਸ਼ਾਬ ਆਵੇ, ਥੋੜ੍ਹੇ ਥੋੜ੍ਹੇ ਸਮੇਂ ਬਾਅਦ ਪਿਆਸ ਲੱਗੇ, ਥਕਾਵਟ ਜਾਂ ਫਿਰ ਕਮਜ਼ੋਰੀ ਹੋਵੇ, ਲੋੜ ਤੋਂ ਵੱਧ ਭੁੱਖ ਲੱਗੇ ਅਤੇ ਜ਼ਖ਼ਮ ਛੇਤੀ ਨਾਲ ਨਾ ਭਰੇ ਤਾਂ ਵਿਅਕਤੀ ਨੂੰ ਡਾਇਬੀਟੀਜ਼ ਦੀ ਜਾਂਚ ਕਰਵਾਉਣ ਲਈ ਨਜ਼ਦੀਕੀ ਸਿਹਤ ਕੇਂਦਰ ਵਿਖੇ ਜ਼ਰੂਰ ਜਾਣਾ ਚਾਹੀਦਾ ਹੈ। ਡਾ ਅਠਵਾਲ ਨੇ ਕਿਹਾ ਕਿ ਸਾਨੂੰ ਜ਼ਿਆਦਾ ਤੇਲ ਵਾਲੇ ਖਾਣਿਆਂ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਸ਼ਰਾਬ ਅਤੇ ਤੰਬਾਕੂ ਦਾ ਸੇਵਨ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ। ਡਾ ਅਠਵਾਲ ਨੇ ਦੱਸਿਆ ਕਿ ਮੋਟਾਪਾ ਵੀ ਡਾਇਬਟੀਜ਼ ਹੋਣ ਦਾ ਇੱਕ ਮੁੱਖ ਕਾਰਨ ਹੈ ਇਸ ਲਈ ਵਿਅਕਤੀ ਨੂੰ ਸਮੇਂ ਸਮੇਂ ਸਿਰ ਆਪਣੇ ਵਜ਼ਨ ਦੀ ਜਾਂਚ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਇਸ ਰੋਗ ਤੋਂ ਡਰਨ ਦੀ ਜ਼ਰੂਰਤ ਨਹੀਂ ਬਸ ਆਪਣੇ ਜੀਵਨ ਜਿਊਣ ਦੇ ਤਰੀਕਿਆਂ ਵਿੱਚ ਬਦਲਾਅ ਲਿਆਉਣਾ ਪਏਗਾ ਤਾਂ ਜੋ ਅਸੀਂ ਇਸ ਰੋਗ ਤੋਂ ਸਾਰੀ ਉਮਰ ਬਚ ਸਕੀਏ।

ਇਸ ਮੌਕੇ ਡਾ. ਅਠਵਾਲ ਨੇ ਫਿਰ ਸਟਾਫ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਉਹ ਆਪਣੇ ਆਪਣੇ ਖੇਤਰਾਂ ਦੇ ਵਿਚ ਡਾਇਬੀਟੀਜ਼ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫੈਲਾਉਣ। ਉਨ੍ਹਾਂ ਕਿਹਾ ਕਿ ਬਲਾਕ ਦੇ ਸਾਰੇ ਹੀ ਹੈਲਥ ਅਤੇ ਵੈਲਨੈੱਸ ਸੈਂਟਰਾਂ ਵਿੱਚ ਸ਼ੂਗਰ ਦੀ ਜਾਂਚ ਬਿਲਕੁਲ ਮੁਫ਼ਤ ਕੀਤੀ ਜਾਂਦੀ ਹੈ ਅਤੇ ਜੇਕਰ ਕਿਸੇ ਵਿਅਕਤੀ ਨੂੰ ਆਪਣੀ ਇਸ ਬਿਮਾਰੀ ਨੂੰ ਲੈ ਕੇ ਕੋਈ ਸ਼ੱਕ ਹੈ ਤਾਂ ਉਹ ਇਨ੍ਹਾਂ ਕੇਂਦਰਾਂ 'ਤੇ ਜਾ ਕੇ ਆਪਣੀ ਜਾਂਚ ਕਰਵਾ ਸਕਦਾ ਹੈ।

ਇਸ ਮੌਕੇ ਡਾ. ਸੁਰੇਸ਼ ਕੁਮਾਰ, ਹੈਲਥ ਇੰਸਪੈਕਟਰ ਦਿਲਬਾਗ ਸਿੰਘ, ਗੁਰਪ੍ਰੀਤਪਾਲ, ਸੁਮਨਪ੍ਰੀਤ ਕੌਰ, ਬਲਜੀਤ ਕੌਰ, ਫਾਰਮੇਸੀ ਅਫਸਰ ਪ੍ਰਭਜੀਤ ਸਿੰਘ, ਰਣਬੀਰ ਸਿੰਘ, ਸਾਹਿਲ ਕੁਮਾਰ ਅਤੇ ਸਟਾਫ ਹਾਜ਼ਰ ਸੀ।

ਆਰ ਐੱਮ ਪੀ ਆਈ ਵੱਲੋਂ ਵਿਸ਼ਾਲ ਸੂਬਾਈ ਕਨਵੈਨਸ਼ਨ ਭਲਕੇ

ਪਠਾਨਕੋਟ (ਦਵਿੰਦਰ ਸਿੰਘ)- ਪੰਜਾਬ ਸਰਕਾਰ ਪੂਰੀ ਤਰ੍ਹਾਂ ਅਸਫਲ ਹੈ, ਹਰੇਕ ਵਿਅਕਤੀ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ ਅਤੇ ਸਰਕਾਰ ਝੂਠੇ ਅਸ਼ਵਾਸਨ ਦੇ ਕੇ ਦਿਨ ਕੱਟੀ ਜਾ ਰਹੀ ਹੈ।

ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪਾਰਟੀ ਕਾਮਰੇਡ ਬਲਵੰਤ ਸਿੰਘ ਘੋਹ ਅਤੇ ਮਾਸਟਰ ਸੁਭਾਸ਼ ਸ਼ਰਮਾ ਨੇ ਸਾਂਝੇ ਪ੍ਰੈੱਸ ਬਿਆਨ ਵਿਚ ਕੀਤਾ। ਉਨ੍ਹਾਂ ਕਿਹਾ ਕਿ ਆਰ ਐਮਪੀਆਈ ਦੀ 16 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾਈ ਕਨਵੈਨਸ਼ਨ ਵਿਚ ਪਠਾਨਕੋਟ ਜ਼ਿਲ੍ਹੇ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਦੀ ਸ਼ਮੂਲੀਅਤ ਹੋਵੇਗੀ।

ਉਨ੍ਹਾਂ ਦੱਸਿਆ ਕਿ ਪਾਰਟੀ ਦੀ ਕੇਂਦਰੀ ਕਮੇਟੀ ਵਲੋਂ ਮਹਿੰਗਾਈ ਤੇ ਬੇਰੁਜ਼ਗਾਰੀ ਵਿਰੁੱਧ ਅਤੇ ਮੋਦੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਤੇ ਫਿਰਕੂ ਫਾਸ਼ੀ ਹਮਲਿਆਂ ਖਿਲਾਫ ਘੋਲ ਤਿੱਖੇ ਕਰਨ ਦਾ ਫੈਸਲਾ ਕੀਤਾ ਗਿਆ ਹੈ। ਲੋਕਰਾਜ, ਧਰਮ-ਨਿਰਪੱਖਤਾ ਤੇ ਜਮਹੂਰੀਅਤ ਦੀਆਂ ਮੁੱਦਈ ਧਿਰਾਂ ਦਾ ਸਾਂਝਾ ਮੁਹਾਜ਼ ਉਸਾਰਨ ਦੇ ਸਿਰਤੋੜ ਯਤਨ ਕਰਨ ਦਾ ਨਿਰਣਾ ਲਿਆ ਹੈ।

ਆਗੂਆਂ ਨੇ ਅੱਗੇ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ 16 ਨਵੰਬਰ 2022 ਨੂੰ ਦੇਸ਼ ਭਗਤ ਯਾਦਗਾਰ ਬਾਬਾ ਜਵਾਲਾ ਸਿੰਘ ਠੱਠੀਆਂ ਆਡੀਟੋਰੀਅਮ ਜਲੰਧਰ ਵਿਖੇ ਮਹਿੰਗਾਈ ਤੇ ਬੇਰੁਜ਼ਗਾਰੀ ਵਿਰੁੱਧ ਅਤੇ ਪੰਜਾਬ ਦੇ ਮੁੱਖ ਮਸਲੇ ਚੰਡੀਗੜ੍ਹ ਪੰਜਾਬ ਦੇ ਹਵਾਲੇ ਕੀਤੇ ਜਾਣ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿੱਚ ਸ਼ਾਮਲ ਕੀਤੇ ਜਾਣ, ਦਰਿਆਈ ਪਾਣੀਆਂ ਦੀ ਨਿਆਈਂ ਵੰਡ ਕੀਤੇ ਜਾਣ, ਪੰਜਾਬੀ ਮਾਤ ਭਾਸ਼ਾ ਨੂੰ ਸਨਮਾਨ ਸਹਿਤ ਲਾਗੂ ਕਰਾਉਣ, ਜਮਹੂਰੀ ਹੱਕਾਂ 'ਤੇ ਡਾਕੇ ਮਾਰਨੇ ਬੰਦ ਕੀਤੇ ਜਾਣ ਦੀਆਂ ਮੰਗਾਂ ਪੂਰੀਆਂ ਕਰਾਉਣ ਹਿੱਤ ਜਮਹੂਰੀ ਲੀਹਾਂ 'ਤੇ ਸੰਘਰਸ਼ ਛੇੜਨ ਲਈ ਆਰਐੱਮਪੀਆਈ ਵਲੋਂ ਸੂਬਾਈ ਕਨਵੈਨਸ਼ਨ ਵਿਚ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ।

ਜ਼ਿਲ੍ਹਾ ਪਠਾਨਕੋਟ ਤੋਂ ਵੱਡੀ ਪੱਧਰ 'ਤੇ ਲੋਕਾਂ ਦੀ ਸ਼ਮੂਲੀਅਤ ਹੋਵੇਗੀ।

ਸਰਕਾਰੀ ਐਲੀਮੈਂਟਰੀ ਸਕੂਲ ਮੰਡੀ ਭਿੱਖੀਵਿੰਡ ਵਿਖੇ ਬਾਲ ਦਿਵਸ ਆਯੋਜਿਤ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਬਲਾਕ ਭਿੱਖੀਵਿੰਡ ਅਧੀਨ ਪੈਂਦੇ ਸਰਕਾਰੀ ਐਲੀਮੈਂਟਰੀ ਸਕੂਲ ਭਿੱਖੀਵਿੰਡ ਮੰਡੀ ਵਿਖੇ ਮੁੱਖ ਅਧਿਆਪਕ ਮੈਡਮ ਸੁਨੀਤਾ ਰਾਣੀ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਬਾਲ ਦਿਵਸ ਮਨਾਇਆ ਗਿਆ। ਇਸ ਮੌਕੇ ਮੁੱਖ ਅਧਿਆਪਕ ਮੈਡਨ ਸੁਨੀਤਾ ਰਾਣੀ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜੀਵਨ 'ਤੇ ਵਿਸਥਾਰਪੂਰਵਕ ਚਾਨਣਾ ਪਾਉਂਦਿਆਂ ਕਿਹਾ ਕਿ ਸਾਨੂੰ ਪੰਡਿਤ ਜਵਾਹਰ ਲਾਲ ਨਹਿਰੂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਉੱਚੀ ਸੋਚ 'ਤੇ ਪਹਿਰਾ ਦੇਣਾ ਚਾਹੀਦਾ ਹੈ। ਉੱਥੇ ਹੀ ਇਸ ਮੌਕੇ ਸਕੂਲ ਵਿੱਚ ਵਿੱਦਿਅਕ ਅਤੇ ਸੱਭਿਆਚਾਰਕ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਵਿਦਿਆਰਥੀਆਂ ਵਿਚਾਲੇ ਭੰਗੜਾ, ਗਿੱਧਾ ਅਤੇ ਡਰਾਇੰਗ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਦੌਰਾਨ ਵਿਦਿਆਰਥਣਾਂ ਨੇ ਪੰਡਿਤ ਨਹਿਰੂ ਦੇ ਜੀਵਨ 'ਤੇ ਅਧਾਰਿਤ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਸਕੂਲ ਦੇ ਸਟਾਫ ਵੱਲੋਂ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਸਕੂਲ ਦੇ ਬੱਚਿਆਂ ਵੱਲੋਂ ਨਵੇਂ ਸੈਸ਼ਨ 'ਚ ਦਾਖਲਾ ਮੁਹਿੰਮ ਦੀ ਸੁਰੂਆਤ ਕਰਦੇ ਹੋਏ ਹੱਥ ਵਿਚ ਬੈਨਰ ਫੜ ਕੇ ਦਾਖਲਾ ਰੈਲੀ ਕੱਢੀ ਗਈ। ਇਸ ਮੌਕੇ ਮਾਸਟਰ ਨਿਰਮਲਜੀਤ ਸਿੰਘ, ਮੈਡਮ ਕੋਮਲ ਕੱਕੜ, ਮਾਸਟਰ ਮਨਦੀਪ ਕੁਮਾਰ, ਮੈਡਮ ਸੁਨੀਤਾ ਰਾਣੀ, ਮੈਡਮ ਤਰਨਜੀਤ ਕੌਰ, ਮੈਡਮ ਹਰਪ੍ਰੀਤ ਕੌਰ, ਮੈਡਮ ਬਿੰਦੂ ਰਾਣੀ, ਯਸ਼ਪਾਲ ਰਾਠੀ, ਮੈਡਮ ਅੰਮ੍ਰਿਤਪਾਲ ਕੌਰ, ਬੱਚਿਆਂ ਦੇ ਮਾਪੇ, ਮਿਡ-ਡੇ ਮੀਲ ਵਰਕਰ ਅਤੇ ਐੱਸ. ਐੱਮ. ਸੀ. ਕਮੇਟੀ ਮੈਂਬਰ ਹਾਜ਼ਰ ਸਨ।

ਜੇ ਐੱਫ ਸੀ ਕਲੱਬ ਨੌਸ਼ਹਿਰਾ ਨੇ ਪਲੇਠਾ ਕਬੱਡੀ ਟੂਰਨਾਮੈਂਟ ਕਰਵਾਇਆ

ਗੁਰਦਾਸਪੁਰ (ਜਨਕ ਮਹਾਜਨ)-ਜੇ ਐਫ ਸੀ ਕਲੱਬ ਨੌਸ਼ਹਿਰਾ ਵਲੋਂ ਪਹਿਲਾ ਕਬੱਡੀ ਟੂਰਨਾਮੈਂਟ ਪਿੰਡ ਦੇ ਖੇਡ ਸਟੇਡੀਅਮ ਸ਼ਹੀਦ ਇੰਦਰਜੀਤ ਸਿੰਘ ਵਿਖੇ ਕਰਵਾਇਆ ਗਿਆ ਤੇ ਦੂਰ ਦੁਰਾਡੇ ਇਲਾਕੇ ਦੀਆਂ 8 ਟੀਮਾਂ ਨੇ ਭਾਗ ਲਿਆ। ਇਸ ਟੂਰਨਾਮੈਂਟ ਦੇ ਮੁਖ ਮਹਿਮਾਨ ਹਲਕਾ ਵਿਧਾਇਕਾ ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਤੇ ਯੂਥ ਆਗੂ ਅਭਿਨਵ ਚੌਧਰੀ ਸਨ। ਕਬੱਡੀ ਦੇ ਮੁੱਖ ਪ੍ਰਬੰਧਕ ਜਿੰਦੀ ਲੁਬਾਣਾ ਤੇ ਉਸ ਦੇ ਸਾਥੀ ਚਰਨਜੀਤ ਸਿੰਘ ਟਾਡਾਂ, ਗੋਪੀ, ਸੰਨੀ ਚਾਵਾ ਤੇ ਸ਼ੈਲੀ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿਚ ਬਾਬਾ ਸ਼੍ਰੀ ਚੰਦ ਯੂਥ ਕਲੱਬ ਬਾਰਠ ਸਾਹਿਬ ਅਤੇ ਨੜਾਂਵਾਲੀ ਯੂਥ ਕਲੱਬ ਵਿਚਕਾਰ ਕਬੱਡੀ ਮੁਕਾਬਲੇ ਹੋਏ ਤੇ ਪਹਿਲੇ ਨੰਬਰ 'ਤੇ ਨੜਾਂਵਾਲੀ ਟੀਮ ਰਹੀ ਅਤੇ ਦੂਜੇ ਨੰਬਰ 'ਤੇ ਬਾਬਾ ਸ਼੍ਰੀ ਚੰਦ ਕਲੱਬ ਰਹੀ।

ਉਨ੍ਹਾਂ ਦੱਸਿਆ ਕਿ ਕਬੱਡੀ ਟੂਰਨਾਮੈਂਟ ਵਿਚ ਇਲਾਕੇ ਦੇ ਸਰਪੰਚਾਂ ਤੇ ਖੇਡ ਪ੍ਰੇਮੀਆਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਇਸ ਮੌਕੇ ਅਰੁਣਾ ਚੌਧਰੀ ਨੇ ਖਿਡਾਰੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖੇਡਾ ਇਕ ਜੀਵਨ ਦੇ ਅੰਗ ਹਨ ਅਤੇ ਖਾਸ ਕਰਕੇ ਭਾਰਤ ਦੀ ਕਬੱਡੀ ਨੇ ਹਮੇਸ਼ਾ ਅਪਣੇ ਬਲਬੂਤੇ ਤੇ ਦੇਸ਼ ਵਿਦੇਸ਼ਾਂ ਵਿਚ ਚੰਗੀ ਕਾਰਗੁਜ਼ਾਰੀ ਕਰਕੇ ਇਤਿਹਾਸ ਸਿਰਜੇ ਹਨ। ਉਨ੍ਹਾਂ ਦੱਸਿਆ ਕਿ ਇਹੋ ਅਜਿਹੇ ਪੇਂਡੂ ਮੇਲੇ ਕਰਾਉਣਾ ਜੇ ਐੱਫ ਸੀ ਕਲੱਬ ਦਾ ਬਹੁਤ ਵੱਡਾ ਉਪਰਾਲਾ ਹੈ। ਇਸ ਨਾਲ ਪੇਡੂ ਖੇਡਾਂ ਦਾ ਮਨੋਬਲ ਉੱਚਾ ਹੋਣ ਨਾਲ ਨਸ਼ਿਆਂ ਤੋਂ ਰਹਿਤ ਨਰੋਏ ਸਮਾਜ ਦੀ ਸਿਰਜਣਾ ਹੁੰਦੀ ਹੈ। ਉਨ੍ਹਾਂ ਪਹਿਲੇ ਨੰਬਰ 'ਤੇ ਆਈ ਟੀਮ ਨੂੰ 21 ਹਜ਼ਾਰ ਰੁਪਏ ਅਤੇ ਦੂਜੇ ਨੰਬਰ 'ਤੇ ਆਈ ਟੀਮ ਨੂੰ 15 ਹਜ਼ਾਰ ਰੁਪਏ ਤੇ ਟਰਾਫੀਆਂ ਭੇਟ ਕੀਤੀਆਂ। ਮੇਲੇ 'ਚ ਪਹੁੰਚੀਆਂ ਸ਼ਖਸੀਅਤਾਂ ਦਾ ਜਿੰਦੀ ਲੁਬਾਣਾ ਵਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਅਮਰਜੀਤ ਸਿੰਘ ਸੈਣੀ, ਜ਼ੋਨ ਇੰਚਾਰਜ ਮਨਜੀਤ ਸਿੰਘ ਟਾਂਡਾ ਤੋਂ ਇਲਾਵਾ ਕਜ਼ਗਰਸੀ ਵਰਕਰ ਹਾਜ਼ਰ ਸਨ।

'ਵੀ' ਨੇ 300 ਨਵੀਆਂ 'ਵੀ ਸ਼ਾਪਸ' ਦੇ ਨਾਲ ਆਪਣੇ ਰਿਟੇਲ ਫੁੱਟਪ੍ਰਿੰਟ ਦਾ ਦਾਇਰਾ ਵਧਾਇਆ

ਲੁਧਿਆਣਾ : ਭਾਰਤ ਦੇ ਪ੍ਰਮੁੱਖ ਦੂਰਸੰਚਾਰ ਸੇਵਾ ਪ੍ਰਦਾਤਾ, ਵੋਡਾਫੋਨ ਆਈਡੀਆ ਲਿਮਟਿਡ (ਵੀ) ਨੇ ਆਪਣੇ ਬ੍ਰਾਂਡ ਲਾਂਚ ਤੋਂ ਬਾਅਦ ਆਪਣੇ ਸਭ ਤੋਂ ਵੱਡੇ ਰਿਟੇਲ ਵਿਸਤਾਰ ਦੀ ਯੋਜਨਾ ਬਣਾਈ ਹੈ। ਉਪ-ਜ਼ਿਲ੍ਹਾ ਪੱਧਰ 'ਤੇ ਆਪਣੇ ਰਿਟੇਲ ਫੁੱਟਪ੍ਰਿੰਟਸ ਨੂੰ ਵਧਾਉਣ ਲਈ 'ਵੀ' ਨੇ ਮਹਾਰਾਸਟਰ, ਤਾਮਿਲਨਾਡੂ, ਕੇਰਲ, ਪੱਛਮੀ ਬੰਗਾਲ ਅਤੇ ਯੂਪੀ ਵੈਸਟ ਦੇ ਕਈ ਕਸਬਿਆਂ ਵਿੱਚ 300 ਨਵੇਂ ਫਾਰਮੈਟ ਦੀਆਂ 'ਵੀ ਸ਼ਾਪਸ' ਖੋਲ੍ਹੀਆਂ ਹਨ। ਨਵੀਂ ਰਿਟੇਲ ਪਹਿਲ ਬਾਰੇ ਗੱਲ-ਬਾਤ ਕਰਦੇ ਹੋਏ ਵੋਡਾਫੋਨ ਆਈਡੀਆ ਲਿਮਟਿਡ ਦੇ ਸੀਈਓ, ਅਭਿਜੀਤ ਕਿਸ਼ੋਰ ਨੇ ਕਿਹਾ ਕਿ ਅੱਜ ਵੀ ਗ੍ਰਾਮੀਣ ਭਾਰਤ ਵਿੱਚ ਵੱਡੀ ਗਿਣਤੀ ਵਿੱਚ ਅਜਿਹੇ ਗਾਹਕ ਹਨ, ਜੋ ਫਿਜ਼ੀਕਲ ਰਿਟੇਲ ਫਾਰਮੈਟ ਰਾਹੀਂ ਆਹਮੋ-ਸਾਹਮਣੇ ਬੈਠ ਕੇ ਸੇਵਾਵਾਂ ਦੀ ਉਮੀਦ ਕਰਦੇ ਹਨ। ਇਸ ਤੋਂ ਇਲਾਵਾ ਗ੍ਰਾਮੀਣ ਖੇਤਰ ਭਾਰਤ ਵਿੱਚ ਮੋਬਾਈਲ ਇੰਟਰਨੈਟ ਦੀ ਪਹੁੰਚ ਵਧਾਉਣ ਵਿਚ ਮਹੱਤਵਪੂਰਣ ਭੂਮਿਕਾ ਨਿਭਾ ਰਹੇ ਹਨ। ਇਸ ਵਧਦੀ ਮੰਗ ਨੂੰ ਪੂਰਾ ਕਰਨ ਲਈ ਅਸੀਂ ਆਪਣੇ ਵੀ ਸਾਪ ਕੰਸੈਪਟ ਦੇ ਜ਼ਰੀਏ ਆਪਣੀ ਗ੍ਰਾਮੀਣ ਪ੍ਰਚੂਨ ਰਣਨੀਤੀ ਲਈ ਇੱਕ ਨਵੀਨਤਮ ਪਹੁੰਚ ਅਪਣਾ ਰਹੇ ਹਾਂ, ਜੋ ਲੱਖਾਂ ਭਾਰਤੀਆਂ ਨੂੰ ਇੱਕ ਬਿਹਤਰ ਭਵਿੱਖ ਲਈ ਡਿਜੀਟਲ ਤੌਰ 'ਤੇ ਜੁੜਨ ਦੇ ਯੋਗ ਬਣਾਏਗੀ। ਹੁਣ 5 ਸਰਕਲਾਂ ਦੇ ਕਈ ਟੀਅਰ 3 ਨਗਰਾਂ ਵਿੱਚ ਵੀ ਦੇ ਗਾਹਕ ਆਪਣੇ ਨੇੜੇ ਦੀ ਵੀ ਸ਼ਾਪ ਵਿਚ ਜਾ ਕੇ ਆਸਾਨੀ ਅਤੇ ਸਰਲਤਾ ਦੇ ਨਾਲ ਸੇਵਾਵਾਂ ਦਾ ਲਾਭ ਲੈ ਸਕਣਗੇ।

ਟਰੈਫਿਕ ਐਜੂਕੇਸ਼ਨ ਸੈੱਲ ਵੱਲੋਂ ਕਾਲਜ 'ਚ ਸੈਮੀਨਾਰ

ਟਾਂਗਰਾ (ਲਾਡੀ ਮੱਲ੍ਹੀ)- ਐਕਸੀਡੈਂਟਾਂ ਨਾਲ ਜਾ ਰਹੀਆਂ ਕੀਮਤੀ ਜਾਨਾਂ ਨੂੰ ਬਚਾਉਣ ਲਈ ਅੱਜ ਪੁਲਸ ਜ਼ਿਲਾ ਅੰਮ੍ਰਿਤਸਰ ਦਿਹਾਤੀ ਦੇ ਟਰੈਫਿਕ ਐਜੂਕੇਸ਼ਨ ਸੈੱਲ ਨੇ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਖਾਨਕੋਟ, ਸ੍ਰੀ ਗੁਰੂ ਤੇਗ ਬਹਾਦਰ ਕਾਲਜ ਆਫ ਐਜੂਕੇਸ਼ਨ ਖਾਨਕੋਟ ਥਾਣਾ ਜੰਡਿਆਲਾ (ਹਲਕਾ ਜੰਡਿਆਲਾ) ਵਿਖੇ ਮਾਨਯੋਗ ਐੱਸਐੱਸਪੀ ਸਵੱਪਨ ਸ਼ਰਮਾ ਅਤੇ ਐੱਸਪੀ ਹੈੱਡਕੁਆਰਟਰ ਜਸਵੰਤ ਕੌਰ ਦੇ ਦਿਸ਼ਾ ਨਿ

15-Nov Page 12.qxd 11/14/2022 10:18 PM Page 1

ਪ੍ਰੋ. ਸੰਘੇੜਾ ਨੇ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਿਆ

ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ) ਪੰਜਾਬ ਮੰਡੀ ਬੋਰਡ ਦੇ ਸਾਬਕਾ ਡਿਪਟੀ ਜਨਰਲ ਮੈਨੇਜਰ ਅਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਬੁਲਾਰੇ ਪ੍ਰੋ. ਜਗਤਾਰ ਸਿੰਘ ਸੰਘੇੜਾ ਨੇ ਅੱਜ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲ ਲਿਆ ਹੈ। ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਪ੍ਰੋ. ਸੰਘੇੜਾ ਨੇ ਕਿਹਾ ਕਿ ਉਹ ਜਨਤਾ ਦੇ ਸੇਵਾਦਾਰ ਵਜੋਂ ਕੰਮ ਕਰਨਗੇ। ਪ੍ਰੋ. ਸੰਘੇੜਾ ਪੰਜਾਬ 'ਚ ਸ਼ੁਰੂ ਤੋਂ ਹੀ ਆਮ ਆਦਮੀ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ ਪੰਜਾਬ ਮੰਡੀ ਬੋਰਡ ਵਿੱਚ ਵੀ ਡਿਪਟੀ ਜਨਰਲ ਮੈਨੇਜਰ ਵਜੋਂ ਬੜੀ ਇਮਾਨਦਾਰੀ ਨਾਲ ਸੇਵਾ ਨਿਭਾਈ ਸੀ। ਉਨ੍ਹਾਂ ਦੀ ਪਾਰਟੀ ਪ੍ਰਤੀ ਲਗਨ ਨੂੰ ਦੇਖਦਿਆਂ ਪਾਰਟੀ ਦੀ ਉੱਚ ਲੀਡਰਸ਼ਿਪ ਨੇ ਉਨ੍ਹਾਂ ਨੂੰ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਪ੍ਰਧਾਨ ਦਾ ਅਹੁਦਾ ਸੌਂਪਿਆ ਹੈ। ਇਸ ਮੌਕੇ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਅਤੇ ਆਪ' ਦੇ ਸੀਨੀਅਰ ਆਗੂ ਦੀਪਕ ਬਾਲੀ, ਵੱਡੀ ਗਿਣਤੀ ਵਿੱਚ ਪਾਰਟੀ ਦੇ ਅਹੁਦੇਦਾਰ ਤੇ ਵਰਕਰ ਤੇ ਸਮਰਥਕ ਹਾਜ਼ਰ ਸਨ। ਇਨ੍ਹਾਂ ਵਿੱਚ 'ਆਪ' ਦੇ ਗੁਰਮੀਤ ਸਿੰਘ, ਪਾਲ ਸਿੰਘ ਸਰਪੰਚ, ਜਸਵੰਤ ਸਿੰਘ, ਹਰਚਰਨ ਸਿੰਘ ਸੰਧੂ, ਗੌਰਵ ਪੁਰੀ, ਇੰਦਰਵੰਸ ਚੱਢਾ, ਆਰ.ਕੇ ਗਰਗ (ਐਸ.ਈ.), ਨਵੀਨ (ਟੀ.ਈ.), ਰਾਜੀਵ (ਟੀ.ਈ.), ਸੰਨੀ ਖੁਰਾਣਾ, ਰਾਜਨ ਅਰੋੜਾ ਸਾਮਲ ਹਨ। ਅਤੇ ਰਾਜੂ ਮਦਾਨ ਸ਼ਾਮਲ ਸਨ।

ਸੀ ਟੀ 'ਵਰਸਿਟੀ ਵੱਲੋਂ ਯੂ ਏ ਈ 'ਚ ਅੰਤਰਰਾਸ਼ਟਰੀ ਕਾਨਫਰੰਸ ਦਾ ਆਯੋਜਨ

ਜਲੰਧਰ (ਸ਼ੈਲੀ ਐਲਬਰਟ)- ਸੀਟੀ ਯੂਨੀਵਰਸਿਟੀ ਨੇ ਸਿਟੀ ਯੂਨੀਵਰਸਿਟੀ, ਅਜਮਾਨ ਦੇ ਸਹਿਯੋਗ ਨਾਲ 5ਵੀਂ ਅੰਤਰਰਾਸ਼ਟਰੀ ਮਲਟੀ-ਟਰੈਕ ਕਾਨਫਰੰਸ ਵਿਗਿਆਨ, ਇੰਜੀਨੀਅਰਿੰਗ, ਪ੍ਰਬੰਧਨ ਅਤੇ ਤਕਨੀਕੀ ਨਵੀਨਤਾ ਆਈ. ਐਮ. ਐੱਸ.ਈ. ਐਮ.ਟੀ. ਆਈ-2022 ਯੂ.ਏ.ਈ. ਵਿਖੇ ਅਯੋਜਨ ਕੀਤੀ ਗਿਆ। ਕਾਨਫਰੰਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਆਏ ਪ੍ਰਤੀਨਿਧੀਆਂ ਅਤੇ ਮਾਹਰਾਂ ਨੇ ਸ਼ਿਰਕਤ ਕੀਤੀ। ਕਾਨਫਰੰਸ ਦਾ ਮੁੱਖ ਮੰਤਵ ਮੌਜੂਦਾ ਗਿਆਨ ਦਾ ਜਾਇਜ਼ਾ ਲੈਣਾ, ਜਾਣਕਾਰੀ ਸਾਂਝੀ ਕਰਨਾ ਅਤੇ ਸਬੰਧਤ ਖੇਤਰਾਂ ਵਿੱਚ ਅੱਗੇ ਵਧਣ ਲਈ ਨੀਤੀ ਤਿਆਰ ਕਰਨਾ ਸੀ।ਸਿਟੀ ਯੂਨੀਵਰਸਿਟੀ ਅਜਮਾਨ ਦੇ ਪ੍ਰੈਸੀਡੈਂਟੀ ਇਮਰਾਨ ਖਾਨ, ਡਾ. ਸਬਰੀਨ ਅਜ਼ੀਮ ਅਤੇ ਡਾ. ਵਰਿੰਦਰ ਸਿੰਘ ਰਾਣਾ ਵੱਲੋਂ ਵਿਸ਼ਵ ਭਰ ਤੋਂ ਆਏ ਮੁੱਖ ਬੁਲਾਰਿਆਂ, ਪ੍ਰਤੀਨਿਧੀਆਂ ਦਾ ਸਵਾਗਤ ਕੀਤਾ ਅਤੇ ਕਾਨਫਰੰਸ ਦੇ ਉਦੇਸ਼ਾਂ ਦੀ ਰੂਪਰੇਖਾ ਦੱਸੀ।ਸਿਟੀ ਯੂਨੀਵਰਸਿਟੀ ਅਜਮਾਨ ਦੇ ਪ੍ਰਧਾਨ ਇਮਰਾਨ ਖਾਨ ਨੇ ਸਾਂਝਾ ਕੀਤਾ ਕਿ ਉਹਨਾਂ ਨੂੰ ਵੱਖ-ਵੱਖ ਯੂਨੀਵਰਸਿਟੀਆਂ/ਸੰਸਥਾਵਾਂ ਜਿਵੇਂ ਕਿ ਮਸਕਟ, ਦੁਬਈ, ਸੀਟੀ ਯੂਨੀਵਰਸਿਟੀ, ਲੁਧਿਆਣਾ, ਸਿੰਗਾਪੁਰ ਇੰਸਟੀਚਿਊਟ ਆਫ਼ ਟੈਕਨਾਲੋਜੀ ਅਤੇ ਯੂਨੀਵਰਸਿਟੀ ਆਫ਼ ਗਲਾਸਗੋ-ਸਿੰਗਾਪੁਰ, ਅਲਕਲਮ ਯੂਨੀਵਰਸਿਟੀ-ਨਾਈਜੀਰੀਆ ਨੈਸ਼ਨਲ ਯੂਨੀਵਰਸਿਟੀ ਆਫ ਸਿੰਗਾਪੁਰ-ਸਿੰਗਾਪੁਰ, ਯੂਨੀਵਰਸਿਟੀ ਆਫ ਓਟਾਵਾ- ਕੈਨੇਡਾ, ਚੰਡੀਗੜ੍ਹ ਯੂਨੀਵਰਸਿਟੀ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ-ਜਲੰਧਰ, ਅਤੇ ਡੀ.ਏ.ਵੀ.ਈ.ਟੀ.ਤੋਂ ਲਗਭਗ 50 ਪੇਪਰ ਪ੍ਰਾਪਤ ਹੋਏ ਹਨ । ਸੀਟੀ ਯੂਨੀਵਰਸਿਟੀ, ਲੁਧਿਆਣਾ ਦੇ ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਉਦਘਾਟਨੀ ਭਾਸ਼ਣ ਵਿੱਚ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਸ਼ਾਨਦਾਰ ਇਤਿਹਾਸ ਬਾਰੇ ਦੱਸਿਆ ਅਤੇ ਉਹਨਾਂ ਨੇ ਖੁਸ਼ੀ ਜਾਹਿਰ ਕੀਤੀ ਕਿ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਸਿਟੀ ਯੂਨੀਵਰਸਿਟੀ ਅਜਮਾਨ ਦੇ ਸਹਿਯੋਗ ਨਾਲ ਕੀਤੀ ਗਈ ਅੰਤਰਰਾਸ਼ਟਰੀ ਕਾਨਫਰੰਸ ਨਾਲ ਵਿਦਿਆਰਥੀਆਂ ਦੇ ਭਵਿੱਖ ਨੂੰ ਨਿਖਾਰਨ ਵਿਚ ਮਦਦ ਮਿਲੇਗੀ। ਅਮੀਰਾਤ ਸਕਾਲਰ ਰਿਸਰਚ ਸੈਂਟਰ ਦੇ ਸੀ.ਈ.ਓ ਡਾ. ਫਿਰਾਸ ਹਬਲ ਵੱਲੋਂ ਭਵਿੱਖ ਵਿੱਚ ਸੰਸਥਾਵਾਂ ਲਈ ਇੱਕ ਸਵੈਚਲਿਤ ਕੰਮ ਦਾ ਮਾਹੌਲ ਪੈਦਾ ਕਰਨ ਤੇ ਜ਼ੋਰ ਦਿੱਤਾ ਗਿਆ ਅਤੇ ਆਉਣ ਵਾਲਿਆਂ ਚਣੌਤੀਆਂ 'ਤੇ ਵੀ ਚਾਨਣਾ ਪਾਇਆ। ਉਹਨਾਂ ਨੇ ਵਪਾਰਕ ਦ੍ਰਿਸ਼ਟੀਕੋਣਾਂ ਦੇ ਭਵਿੱਖ 'ਤੇ ਨਕਲੀ ਬੁੱਧੀ ਦੇ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵਾਂ ਨੂੰ ਵੀ ਉਜਾਗਰ ਕੀਤਾ।ਇਸ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਨਾਮਵਰ ਅਤੇ ਅੰਤਰਰਾਸ਼ਟਰੀ ਯੂਨੀਵਰਸਿਟੀਆਂ ਦੇ ਪ੍ਰੋਫੈਸਰ, ਡਾਇਰੈਕਟਰ ਅਤੇ ਡੀਨ ਵੀ ਕਾਨਫਰੰਸ ਵਿੱਚ ਸ਼ਾਮਲ ਹੋਏ ਅਤੇ ਤਕਨੀਕੀ ਸੈਸ਼ਨਾਂ ਦੀ ਪ੍ਰਧਾਨਗੀ ਕੀਤੀ। ਪਹਿਲੇ ਤਕਨੀਕੀ ਸੈਸ਼ਨ ਦੀ ਪ੍ਰਧਾਨਗੀ ਡਾ. ਮੁਹੰਮਦ ਅਮਰਾਹ ਅਤੇ ਸਹਿ-ਪ੍ਰਧਾਨਗੀ ਡਾ. ਜਸਦੀਪ ਕੌਰ ਧਾਮੀ ਨੇ ਕੀਤੀ। ਇਸ ਸੈਸ਼ਨ ਦੇ ਸੰਚਾਲਕ ਡਾ. ਸਬਰੀਨ ਅਲੀ ਅਤੇ ਸ੍ਰੀਮਤੀ ਅੰਜਲੀ ਸਨ। ਦੂਜੇ ਤਕਨੀਕੀ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਅਸੀਮ ਬਰਵਤ ਨੇ ਕੀਤੀ ਅਤੇ ਡਾ. ਸਚਿਤਵਰਧਨ ਅਤੇ ਡਾ.ਹਾਲਾ ਅਫੀਫੀ ਦੁਆਰਾ ਸਹਿ-ਪ੍ਰਧਾਨਗੀ ਕੀਤੀ ਗਈ, ਇਸ ਸੈਸ਼ਨ ਦੇ ਸੰਚਾਲਕ ਡਾ. ਫੈਜ਼ਲ ਖਾਨ ਅਤੇ ਡਾ. ਅਬੂ ਫੈਜ਼ ਸਨ।ਤੀਜੇ ਤਕਨੀਕੀ ਸੈਸ਼ਨ ਦੀ ਪ੍ਰਧਾਨਗੀ ਡਾ. ਬਬੀਤ ਗੁਪਤਾ, ਸਹਿ-ਪ੍ਰਧਾਨਗੀ ਡਾ. ਕਮਲ ਮਲਿਕ ਨੇ ਕੀਤੀ ਅਤੇ ਸੰਚਾਲਕ ਡਾ: ਸ਼ੈਸ਼ੂ ਐਂਟਨੀ ਅਤੇ ਸਈਅਦ ਮਹਿਮੂਦ ਰਹੇ। ਚੌਥੇ ਤਕਨੀਕੀ ਸੈਸ਼ਨ ਦੀ ਪ੍ਰਧਾਨਗੀ ਡਾ. ਜਸਦੀਪ ਕੌਰ ਧਾਮੀ, ਡਾ. ਦੀਪਾਂਜਨਾ ਵਾਰਸ਼ਨੀ ਨੇ ਕੀਤੀ ਅਤੇ ਸੰਚਾਲਕ ਡਾ. ਹਿਮਾ ਪਰਮੇਸ਼ਵਰਨ ਅਤੇ ਡਾ: ਮੁਹੰਮਦ ਕਨਿਓ ਰਹੇ।। ਆਈ.ਐਮ.ਐੱਸ.ਈ.ਐਮ.ਟੀ.ਆਈ-2022 ਦੇ ਕਨਵੀਨਰ ਡਾ. ਵਰਿੰਦਰ ਸਿੰਘ ਰਾਣਾ ਵੱਲੋਂ ਕਾਨਫਰੰਸ ਲਈ ਆਏ ਬੁਲਾਰਿਆਂ, ਪੇਸ਼ਕਾਰਾਂ, ਪ੍ਰਤੀਨਿਧੀਆਂ ਦਾ ਕਾਨਫਰੰਸ ਦੀ ਸਫਲਤਾ ਲਈ ਯੋਗਦਾਨ ਪਾਉਣ ਸਾਰਿਆਂ ਦਾ ਧੰਨਵਾਦ ਕੀਤਾ।। ਸੀਟੀ ਯੂਨੀਵਰਸਿਟੀ, ਲੁਧਿਆਣਾ ਦੇ ਪ੍ਰੋ ਚਾਂਸਲਰ ਡਾ. ਮਨਬੀਰ ਸਿੰਘ ਨੇ ਇਸ ਕਾਨਫਰੰਸ ਨੂੰ ਨਵੀਆਂ ਉਚਾਈਆਂ ਤੇ ਲਿਜਾਣ ਲਈ ਪ੍ਰਬੰਧਕੀ ਟੀਮ ਨੂੰ ਵਧਾਈ ਦਿੱਤੀ ਅਤੇ ਇਹ ਵੀ ਦੱਸਿਆ ਕਿ ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਦੇ ਅਕਾਦਮਿਕ ਅਤੇ ਪੋਸਟ ਗ੍ਰੈਜੂਏਟ ਵਿਦਿਆਰਥੀ, ਕਾਰਜਕਾਰੀ ਪੇਸ਼ੇਵਰ, ਉਦਯੋਗ ਅਤੇ ਖੋਜ ਅਤੇ ਵਿਕਾਸ ਸੰਸਥਾਵਾਂ ਦੇ ਖੋਜ ਵਿਦਵਾਨਾਂ ਵੱਲੋਂ ਇਸ ਇੱਕ ਰੋਜ਼ਾ ਸੰਮੇਲਨ ਵਿੱਚ ਹਿੱਸਾ ਲਿਆ ਗਿਆ ਹੈ। ਜਿਸ ਤੋਂ ਸਾਫ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿੱਖਿਆ ਦਾ ਸਮੇਂ ਨਾਲ ਬਦਲ ਰਹੀ ਹੈ।

3 ਦਿਨਾ ਫੁੱਟਬਾਲ ਤੇ ਵਾਲੀਬਾਲ ਟੂਰਨਾਮੈਂਟ ਸੰਪੰਨ

ਫੁੱਟਬਾਲ 'ਚ ਸਦਰਪੁਰ ਤੇ ਵਾਲੀਬਾਲ 'ਚ ਮਹਿਮੂਦਪੁਰ ਦੀ ਟੀਮ ਰਹੀ ਜੇਤੂ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਮਹੰਤ ਲਾਲ ਸਿੰਘ ਯਾਦਗਾਰੀ ਸਪੋਰਟਸ ਕਲੱਬ ਖੁੱਡਾ ਵੱਲੋਂ ਬ੍ਰਹਮ ਗਿਆਨੀ ਸੱਚਖੰਡ ਵਾਸੀ ਮਹੰਤ ਲਾਲ ਸਿੰਘ ਦੀ ਸਾਲਾਨਾ 34ਵੀਂ ਬਰਸੀ ਨੂੰ ਸਮਰਪਿਤ ਕਰਵਾਇਆ ਗਿਆ 3 ਦਿਨਾਂ ਫੁੱਟਬਾਲ ਅਤੇ ਵਾਲੀਬਾਲ ਟੂਰਨਾਮੈਂਟ ਸਫਲਤਾਪੂਰਵਕ ਸੰਪਨ ਹੋ ਗਿਆ। ਪਰਵਾਸੀ ਭਾਰਤੀਆਂ, ਗਰਾਮ ਪੰਚਾਇਤ ਖੁੱਡਾ, ਨਗਰ ਨਿਵਾਸੀਆਂ ਤੇ ਕਲੱਬ ਪ੍ਰਬੰਧਕਾਂ ਵੱਲੋਂ ਸੰਤ ਸੁਖਜੀਤ ਸਿੰਘ ਜੀ ਖੁੱਡਾ, ਪ੍ਰਧਾਨ ਪ੍ਰਿੰਸੀਪਲ ਤਰਲੋਕ ਸਿੰਘ, ਪ੍ਰਬੰਧਕ ਲਸ਼ਕਰ ਸਿੰਘ ਖੁੱਡਾ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡਾ ਦੀ ਗਰਾਊਂਡ ਵਿੱਚ ਕਰਵਾਏ ਗਏ ਟੂਰਨਾਮੈਂਟ ਦੌਰਾ ਇਲਾਕੇ ਭਰ ਚੋਂ ਫੁਟਬਾਲ ਦੀਆਂ 62 ਅਤੇ ਵਾਲੀਬਾਲ ਦੀਆਂ 45 ਟੀਮਾਂ ਨੇ ਭਾਗ ਲਿਆ ਇਸ ਮੌਕੇ ਫੁੱਟਬਾਲ ਟੂਰਨਾਮੈਂਟ ਓਪਨ ਦੇ ਹੋਏ ਪਹਿਲੇ ਸੈਮੀਫਾਈਨਲ ਮੁਕਾਬਲੇ ਦੌਰਾਨ ਸਦਰਪੁਰ ਦੀ ਟੀਮ ਨੇ ਨੰਗਲ ਬਿਹਾਲਾਂ ਦੀ ਟੀਮ ਅਤੇ ਖੁੱਡਾ ਨੇ ਚੱਕ ਮਾਹਿਰਾਂ ਦੀ ਟੀਮ ਨੂੰ ਹਰਾ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ।ਫਾਈਨਲ ਮੁਕਾਬਲੇ ਵਿੱਚ ਸਦਰਪੁਰ ਦੀ ਟੀਮ ਨੇ ਖੁੱਡਾ ਨੂੰ ਹਰਾ ਕੇ ਜੇਤੂ ਟਰਾਫੀ ਅਤੇ 21ਹਜਾਰ ਰੁਪਏ ਦੇ ਪਹਿਲੇ ਇਨਾਮ ਤੇ ਕਬਜਾ ਕੀਤਾ ਇਸ ਤੋਂ ਇਲਾਵਾ ਅੰਡਰ 19 ਫੁਟਬਾਲ ਦੇ ਫਾਈਨਲ ਮੁਕਾਬਲੇ ਦੌਰਾਨ ਖੁਣਖੁਣ ਕਲਾਂ ਨੇ ਖੁੱਡਾ ਦੀ ਟੀਮ ਨੂੰ ਹਰਾਇਆ।

ਇਸੇ ਤਰ੍ਹਾਂ ਹੀ ਵਾਲੀਬਾਲ ਦੇ ਪਹਿਲੇ ਸੈਮੀਫਾਈਨਲ ਦੌਰਾਨ ਮਹੰਤ ਲਾਲ ਸਿੰਘ ਯਾਦਗਾਰੀ ਸਪੋਰਟਸ ਕਲੱਬ ਖੁੱਡਾ ਦੀ ਟੀਮ ਨੇ ਖਾਨਪੁਰ ਨੂੰ ਅਤੇ ਦੂਸਰੇ ਸੈਮੀਫਾਈਨਲ ਵਿਚ ਮਹਿਮੂਦਪੁਰ ਦੀ ਟੀਮ ਨੇ ਖੋਖਰ ਬੀ ਦੀ ਟੀਮ ਨੂੰ ਹਰਾਇਆ ਜਦਕਿ ਫਾਈਨਲ ਵਿੱਚ ਮਹਿਮੂਦਪੁਰ ਦੀ ਟੀਮ ਨੇ ਖਾਨਪੁਰ ਨੂੰ ਹਰਾ ਕੇ ਜੇਤੂ ਟਰਾਫੀ ਅਤੇ 21 ਹਜਾਰ ਦੇ ਪਹਿਲੇ ਇਨਾਮ ਤੇ ਕਬਜਾ ਕੀਤਾ।ਟੂਰਨਾਮੈਂਟ ਦੀ ਸਮਾਪਤੀ ਤੇ ਪ੍ਰਾਚੀਨ ਨਿਰਮਲ ਮਹਾਂਮੰਡਲ ਦੇ ਕੌਮੀ ਪ੍ਰਧਾਨ ਅਤੇ ਡੇਰਾ ਗੁਰੂਸਰ ਖੁੱਡਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਤੇਜਾ ਸਿੰਘ ਜੀ ਨੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ ਅਤੇ ਟੂਰਨਾਮੈਂਟ ਵਿੱਚ ਸਹਿਯੋਗ ਕਰਨ ਵਾਲੀਆਂ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਇਸ ਮੌਕੇ ਡੀ.ਐਸ.ਪੀ ਰਸਪਾਲ ਸਿੰਘ ਖੁੱਡਾ,ਲੈਕਚਰਾਰ ਰਾਜਾ ਸਿੰਘ ਸੈਣੀ, ਸਰਪੰਚ ਜਸਵੀਰ ਸਿੰਘ ਖੁੱਡਾ, ਮੰਗਜੀਤ ਗੰਭੋਵਾਲ, ਨੰਬਰਦਾਰ ਕਰਮਜੀਤ ਮਿੱਠਾ, ਪ੍ਰਿੰਸੀਪਲ ਸਾਧੂ ਸਿੰਘ ਯੂ.ਐਸ.ਏ, ਸੰਮਤੀ ਮੈਂਬਰ ਰਤਨ ਸਿੰਘ ਖੁੱਡਾ, ਡੀ.ਪੀ ਬਲਵੀਰ ਸਿੰਘ, ਸਾਬਕਾ ਸਰਪੰਚ ਕੇਵਲ ਸਿੰਘ,ਲੈਕਚਰਾਰ ਜਸਵਿੰਦਰ ਸਿੰਘ,ਗੋਲਡੀ ਅਰੋੜਾ,ਇੰਸਪੈਕਟਰ ਵਰਿੰਦਰ ਸਿੰਘ, ਐੱਸ.ਡੀ.ਓ ਜਸਬੀਰ ਸਿੰਘ, ਥਾਣੇਦਾਰ ਪ੍ਰਿਤਪਾਲ ਸਿੰਘ, ਜਥੇਦਾਰ ਗੁਰਦੀਪ ਸਿੰਘ ਖੁੱਡਾ, ਨੰਬਰਦਾਰ ਰਾਮ ਸਿੰਘ, ਕੋਚ ਹਰਬੰਸ ਸਿੰਘ, ਸਤਨਾਮ ਸਿੰਘ, ਏ.ਐਸ.ਆਈ ਤਰਲੋਕ ਸਿੰਘ, ਚੌਧਰੀ ਰਾਮ ਸਿੰਘ, ਦੀਦਾਰ ਸਿੰਘ ਯੂ.ਐਸ.ਏ, ਦਿਲਦਾਰ ਸਿੰਘ ਨੀਟਾ, ਪਰਦੀਪ ਸਿੰਘ ਖੁੱਡਾ, ਪ੍ਰਿਤਪਾਲ ਸਿੰਘ ਮਿੱਠਾ ਆਦਿ ਵੀ ਮੌਜੂਦ ਸਨ।

ਜੰਡਿਆਲੀ ਵਿਖੇ ਹਾਕੀ ਟੂਰਨਾਮੈਂਟ ਕਰਵਾਇਆ

ਬਹਿਰਾਮ (ਅਵਤਾਰ ਕਲੇਰ) ਦਸ਼ਮੇਸ਼ ਸਪੋਰਟਸ ਕਲੱਬ ਜੰਡਿਆਲੀ, ਗ੍ਰਾਮ ਪੰਚਾਇਤ, ਰੋਸ਼ਨ ਯੂ ਐਸ ਏ, ਐਨ ਆਰ ਆਈ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਹਾਕੀ ਟੂਰਨਾਮੈਂਟ ਕਰਵਾਇਆ ਗਿਆ। ਇਸ ਇੱਕ ਦਿਨਾ ਟੂਰਨਾਮੈਂਟ ਵਿੱਚ ਦਰਜਨ ਦੇ ਕਰੀਬ ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਜੰਡਿਆਲੀ ਅਤੇ ਲਸਾੜਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ ਅਤੇ ਲਸਾੜਾ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ 5100 ਰੁਪਏ ਨਗਦ ਰਾਸ਼ੀ ਅਤੇ ਟਰਾਫੀਆਂ ਉਪ ਜੇਤੂ ਟੀਮ ਨੂੰ 3100 ਰੁਪਏ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ। ਸਪੋਰਟਸ ਕਲੱਬ ਦੇ ਮੈਂਬਰਾਂ ਵੱਲੋਂ ਪਹੁੰਚੇ ਹੋਏ ਮਹਿਮਾਨਾਂ ਅਤੇ ਸਹਿਯੋਗੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੁੱਖ ਪ੍ਰਬੰਧਕ ਰੰਜੀਵ ਕੁਮਾਰ ਉਰਫ ਅਜੇ ਅਤੇ ਲਾਡੀ ਵਲੋਂ ਸਾਰੇ ਸਹਿਯੋਗੀਆਂ ਅਤੇ ਖਿਡਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਕੁਲਦੀਪ ਕੌਰ ਸਰਪੰਚ ਜੰਡਿਆਲੀ, ਹਰਜਿੰਦਰ ਜੰਡਿਆਲੀ ਮੈਂਬਰ ਬਲਾਕ ਸੰਮਤੀ ਬੰਗਾ, ਪਰਵਿੰਦਰ ਸਿੰਘ ਨੰਬਰਦਾਰ ਮੇਹਲੀ, ਅਮਨਦੀਪ ਸਿੰਘ ਮੇਹਲੀ, ਪ੍ਰੇਮ ਨਾਥ, ਕੁਲਵਿੰਦਰ ਕੋਚ, ਨਰਿੰਦਰ ਸਿੰਘ, ਸਤਨਾਮ ਸਿੰਘ, ਸੇਵਾ ਸਿੰਘ, ਲਖਵੀਰ ਮਾਚੂ, ਅਮਨਦੀਪ ਮਾਹੀ, ਅਜੇ, ਲਾਡੀ ਆਦਿ ਹਾਜ਼ਰ ਸਨ।

ਪ੍ਰਕਾਸ਼ ਪੁਰਬ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਅੱਡਾ ਸਰਾਂ (ਜਸਵੀਰ ਕਾਜਲ) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਝਾਵਾਂ ਵਿਖੇ ਮਹਾਨ ਨਗਰ ਕੀਰਤਨ ਖ਼ਾਲਸਾਈ ਸ਼ਾਨੋ ਸ਼ੌਕਤ ਨਾਲ ਸ਼ਰਧਾ ਪੂਰਵਕ ਸਜਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਰਵਿਦਾਸ ਜੀ ਵੱਲੋਂ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਦੀ ਅਗਵਾਈ ਸਜਾਏ ਨਗਰ ਕੀਰਤਨ ਦੀ ਆਰੰਭਤਾ ਸਮੇਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਨਗਰ ਕੀਰਤਨ ਦੌਰਾਨ ਕਵੀਸ਼ਰੀ ਜਥਾ ਭਾਈ ਪ੍ਰਤਾਪ ਸਿੰਘ ਅਤੇ ਹੈੱਡ ਗ੍ਰੰਥੀ ਗਿਆਨੀ ਜਰਨੈਲ ਸਿੰਘ ਵੱਲੋਂ ਸ਼ਬਦ ਕੀਰਤਨ ਅਤੇ ਧਾਰਮਿਕ ਕਵਿਤਾਵਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਜਾ ਰਿਹਾ ਸੀ । ਨਗਰ ਕੀਰਤਨ ਦਾ ਪਿੰਡ ਦੇ ਵੱਖ ਵੱਖ ਪੜਾਵਾਂ ਵਿਚ ਪਹੁੰਚਣ ਤੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਦਿਆਂ ਸਵਾਗਤ ਕੀਤਾ ਚਾਹ ਪਕੌੜਿਆਂ ਫਲ ਫਰੂਟ ਅਤੇ ਗੁਰੂ ਕੇ ਲੰਗਰ ਦੁਆਰਾ ਸੰਗਤ ਦੀ ਸੇਵਾ ਕਰਦਿਆਂ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟ